# ਸੁੱਕੀਆਂ ਕੁੰਨਾਂ

-ਭਗਵੰਤ ਰਸੂਲਪੁਰੀ

"ਬਾਬੂ ਜੀ! ਔਹ ਟਰੱਕ ਆਇਆ ਮਾਲ ਦਾ ਲੇਬਰ ਕੋਲੋਂ ਲਹਾ ਲਓ। ਹਾਂ ਦੇਖਿਓ! ਕੋਈ ਨਗ ਖਰਾਬ ਨਾ ਹੋਵੇ... ਆਪ ਕੋਲ ਖੜ ਕੇ ਸੈੱਡ 'ਚ ਧਾਂਕ ਲਵਾ ਲਵੇ... ਪਿਛਲੀ ਵਾਰ ਬਹੁਤ ਖਰਾਬ ਸੀ ਮਾਲ ... ਮੱਝ ਦਾ ਵੱਖਰਾ ਰਖਵਾ ਲੈਣਾ... ਬਲਦ ਦਾ ਵੱਖਰਾ... ਦੇਖਣਾ ਕੋਈ ਦਾਗੀ ਨਗ ਨਾ ਹੋਵੇ... ਬਿੱਲ 'ਚ ਦੇਖਣਾ ਭਲਾ ਕੋਈ ਬੱਕਰੀ... ਹਿਰਨ ਜਾਂ ਕੋਈ ਕੱਟੀ-ਵੱਛੀ ਦਾ ਛੋਟਾ ਨਗ ਵੀ ਹੈਗਾ ਏ... ਲਹਾਉਣ ਤੋਂ ਪਹਿਲਾਂ ਡਰੈਵਰ ਕੋਲੋਂ ਬਿੱਲ ਲੈ ਕੇ ਮੇਰੇ ਦਫ਼ਤਰ ਪਹੁੰਚੋ।" ਤ੍ਰਿਵੇਦੀ ਸਾਹਿਬ ਦਾ ਮੁੰਡਾ ਦਫ਼ਤਰ ਦੇ ਬਰਾਂਡੇ ਵਿਚ ਖੜ ਕੇ ਮੈਨੂੰ ਕਹਿੰਦਾ ਹੈ। ਮੈਂ ਬਾਬੂ ਦੀ ਅਵਾਜ਼ ਸੁਣ ਕੇ ਫਟਾ-ਫਟ ਬੀੜੀ ਕੁਰਸੀ ਦੀ ਲੱਤ ਨਾਲ ਬੁਝਾ ਕੇ ਉੱਠ ਖੜਦਾ ਹਾਂ, ਥੱਲੇ ਢਿਲਕ ਰਹੀ ਪੈਂਟ ਨੂੰ ਸੂਤ ਕਰਦਾ ਹਾਂ, ਲੇਬਰ ਨੂੰ ਆਵਾਜ਼ ਮਾਰ ਕੇ ਬਾਬੂ ਦੇ ਦਫ਼ਤਰ ਵੱਲ ਤੁਰ ਪੈਂਦਾ ਹਾਂ। ਡਰੈਵਰ ਦਾ ਕਲੀਨਰ ਤਰਪਾਲ ਲਾਹ ਰਿਹਾ ਹੈ। ਕੱਚੇ ਚਮੜੇ ਦੀਆਂ ਧਾਂਕਾ ਉੱਪਰ ਤੱਕ ਲੱਗੀਆਂ ਹੋਈਆਂ ਹਨ। ਗਰਮੀ ਨਾਲ ਖ਼ੱਲਾਂ ਵਿਚੋਂ ਹਵਾੜ ਨਿਕਲ ਰਹੀ ਹੈ। ਜਿਹਨੂੰ ਮੇਰਾ ਪਿਓ ਮਹਿਕ ਕਹਿੰਦਾ ਹੁੰਦਾ ਸੀ। ਉਹ ਅਕਸਰ ਹੀ ਸਾਨੂੰ ਦੱਸਦਾ ਹੁੰਦਾ ਸੀ ਜਦੋਂ ਤੁਹਾਡੀ ਬੀਬੀ ਵਿਆਹੀ ਏਥੇ ਆਈ ਤਾਂ ਘਰ ਪੈਰ ਪਾਉਂਦੀ ਹੀ ਕਹਿਣ ਲੱਗ ਪਈ ਮੈਂ ਨੀਂ ਏਥੇ ਰਹਿਣਾ ਮੈਨੂੰ ਤਾਂ ਕੁੰਨਾਂ ਦਾ ਮੁਸ਼ਕ ਆਉਂਦਾ। ਮੇਰਾ ਤਾਂ ਦਮ ਘੁੱਟਦਾ ... ਮੈਨੂੰ ਹਿਰਖ ਚੜ੍ਹ ਗਿਆ ਮੈਂ ਕਿਹਾ... ਕਮਲੀਏ ਇਹ ਮੁਸ਼ਕ ਨੀਂ ਇਹ ਤਾਂ ਮਹਿਕ ਆ... ਥੋੜ੍ਹਾ ਚਿਰ ਰੁਕ ਜਾ ਤੈਨੂੰ ਵੀ ਮਹਿਕ ਆਉਣ ਲੱਗ ਜਾਊ। ਅਸੀਂ ਤਾਂ ਇਹਦੇ ਵਿਚੋਂ ਹੀ ਰੋਟੀ ਖਾਂਦੇ ਆਂ। ਪਹਿਲਾਂ-ਪਹਿਲ ਤਾਂ ਬੀਬੀ ਬੜੀ ਭੁੜਕੀ ਸੀ... ਫਿਰ ਉਹਨੂੰ ਵੀ ਮਹਿਕ ਆਉਣ ਲੱਗ ਪਈ ਸੀ। ਇਕ ਵਾਰ ਕਲਕੱਤੇ ਤੋਂ ਵਪਾਰੀ ਘਰ ਆ ਗਿਆ। ਭਾਪਾ ਕੁੰਨਾਂ ਵਿਚ ਵੜਿਆ ਹੋਇਆ ਸੀ। ਉਹ ਅਕਸਰ ਹੀ ਭਾਪੇ ਕੋਲ ਆਉਂਦਾ ਰਹਿੰਦਾ ਸੀ। ਵਪਾਰੀ ਦਾ ਇਕ ਦਿਨ ਪਹਿਲਾਂ ਹੀ ਕੱਚਾ ਮਾਲ ਆਇਆ ਸੀ। ਛੰਨ ਥੱਲੇ ਮੰਜੇ 'ਤੇ ਬੈਠਦਾ ਉਹ ਕਹਿਣ ਲੱਗਾ, "ਚੋਧਰੀ ਰਾਜੂ ਮੱਲ ਜੀ ਸੁਣਾਓ ਕੀ ਹਾਲ ਏ, ਮਾਲ ਮਿਲ ਗਿਆ ਨਾ, ਇਕ ਦਮ ਖ਼ਰਾ ਸੋਨਾ ਆ, ਸਾਰਾ ਗੋਕਾ ਭੇਜਿਆ ਐਤਕੀਂ, ਮੈਂ ਕਿਹਾ ਚੋਧਰੀ ਕੀ ਚੇਤੇ ਕਰੂ ਬਈ ਮਾਲ ਖਰਾ ਨੀਂ ਭੇਜਿਆ...।" ਕਹਿ ਕੇ ਉਹ ਹੁੱਕਾ ਪੀਣ ਲੱਗ ਪਿਆ ਸੀ ਭਾਪੇ ਨੇ ਅਜੇ ਹੁਣੇ-ਹੁਣੇ ਹੀ 'ਬੋਟ ਦੀ ਅੱਗ' ਨਾਲ ਹੁੱਕਾ ਤਾਜ਼ਾ ਕੀਤਾ ਸੀ। ਭਾਪੇ ਦੇ ਕੰਨ ਵਪਾਰੀ ਵੱਲ ਹੀ ਸੀ। ਉਹ ਛਾਲ ਮਾਰ ਕੇ ਕੁੰਨ ਵਿਚੋਂ ਬਾਹਰ ਆ ਗਿਆ। ਪੁਰਾਣੇ ਕੱਪੜੇ ਨਾਲ ਲੱਤਾਂ ਪੂੰਝ ਕੇ ਵਪਾਰੀ ਕੋਲ ਛੰਨ ਥੱਲੇ ਆ ਖੜਾ, "ਉਏ ਭਲਿਆ ਮਾਣਸਾ ਮੈਂ ਤਾਂ ਮਹਿਕ ਲੈ ਕੇ ਦੱਸ ਦਿੰਦਾ ਬਈ ਇਹ ਗੋਕਾ ਆ ਜਾਂ ਮਾਝਾ ਆ, ਤੂੰ ਮੇਰੇ ਮੋਹਰੇ ਕਟੱਹਲਾ ਦਾ ਢੇਰ ਲਾ ਦੇ ਮੈਂ 'ਕੱਲੀ-'ਕੱਲੀ ਕਟੱਹਲ ਦੱਸ ਦਊ ਬਈ ਆਹ ਹਿਰਨ ਆ... ਆਹ ਬੱਕਰੀ ਆ ਜਾਂ ਕੱਟੀ-ਕੱਟਾ ਆ... ਤੂੰ ਮੈਨੂੰ ਭੁੱਦੂ ਬਣਾਈ ਜਾਂਦਾ।" ਭਾਪਾ ਖਿਝ ਗਿਆ ਸੀ। ਵਪਾਰੀ ਉਹਦੇ ਮੂੰਹ ਵੱਲ ਵੇਖਦਾ ਰਹਿ ਗਿਆ ਸੀ। ਕੁਝ ਚਿਰ ਬਹਿਸ ਹੋਈ ਸੀ ਫਿਰ ਵਪਾਰੀ ਆਪੇ ਹੀ ਮੰਨ ਗਿਆ ਸੀ। ਭਾਪੇ ਨੂੰ ਖ਼ੱਲਾਂ ਦਾ ਬੜਾ ਤਜਰਬਾ ਸੀ। ਉਹ ਹੱਥ ਫੇਰ ਕੇ ਦੱਸ ਦਿੰਦਾ ਸੀ ਕਿ ਇਹ ਖੱਲ ਕਿਹੋ ਜਿਹੀ ਆ... ਕਿੰਨੀ ਕੁ ਖਰਾਬ ਆ... ਕਿੰਨੇ ਕੁ ਮੁੱਲ ਦੀ ਆ... ਉਹ ਤਾਂ ਜੰਮਣ ਤੋਂ ਪਹਿਲਾਂ ਹੀ ਅਭਿਮਨਿਊ ਵਾਂਗ ਕੁੰਨਾਂ ਦੇ ਚੱਕਰਵਿਊ ਵਿਚ ਵੜਨਾ ਸਿਖ ਗਿਆ ਸੀ। ਪਰ ਮੈਨੂੰ ਮਹਿਕ ਦਾ ਐਨਾ ਤਜਰਬਾ ਨਹੀਂ ਸੀ। ਗਰਮੀ ਨਾਲ ਖੱਲਾਂ ਵਿਚੋਂ ਹਵਾੜ ਉੱਠ ਰਹੀ ਸੀ।



"ਮਾਸਟਰ ਜੀ! ਜੈ ਗੁਰਦੇਵ!! ਲਗਦਾ ਏ ਅੱਜ ਕਲਾਸ ਲੱਗ ਗਈ ਬਾਬੂ ਕੋਲ... ਜਾ ਕੇ ਮੁੜ ਆਓ... ਫੇ ਥੋਨੂੰ ਚਾਹ ਪਿਆਈਏ ਤੇਜ਼ ਪੱਤੀ ਵਾਲੀ।" ਰੰਗੇ ਹੋਏ ਚਮੜੇ ਦੀ ਮੋਟਾਈ ਨਾਪਦਾ ਮੇਰੇ ਪਿੰਡ ਦਾ ਕਾਰੀਗਰ ਮੈਨੂੰ ਟਕੋਰ ਮਾਰਦਾ ਹੈ। ਇਹ ਕਾਫੀ ਦੇਰ ਦਾ ਏਥੇ ਲੱਗਾ ਹੋਇਆ ਹੈ।

"ਸਹੁਰੀ ਦਿਆ ਕਾਹਦਾ ਮਾਸਟਰ ਮੈਂ... ਹੁਣ ਤਾਂ ਚਮੜਾ ਨਗਰ ਦਾ ਇਕ ਕਰਿੰਦਾ ਹਾਂ। ਲੇਬਰ ਤੋਂ ਇਕ-ਦੋ ਪੌਡਾ ਉਤਾਂਹ...।" ਮੈਂ ਮਨ ਹੀ ਮਨ ਕਿਹਾ ਸੀ। ਇਹ ਮਾਸਟਰ ਵਾਲੀ ਅੱਲ੍ਹ ਵੀ ਮੇਰੀ ਪਤਾ ਨਹੀਂ ਕਦੋਂ ਪੈ ਗਈ ਸੀ। ਭਾਪੇ ਨੇ ਸੋਚ ਲਿਆ ਸੀ ਕਿ ਹੁਣ ਇਸ ਕੰਮ ਵਿਚ ਕੁਝ ਹੱਥ-ਪੱਲੇ ਨਹੀਂ ਪੈਂਦਾ। ਵਾਧੂ ਦਾ ਸਿੜ੍ਹੀ-ਸਿਆਪਾ ਈ ਆ... ਉਹਨੇ ਮੈਨੂੰ ਇਹ ਕੰਮ ਕਰਨ ਨਹੀਂ ਸੀ ਲਾਇਆ। ਉਹ ਮੈਨੂੰ ਪੜ੍ਹਾਉਣਾ ਚਾਹੁੰਦਾ ਸੀ। ਮੈਂ ਸਕੂਲ ਜਾਣ ਤੋਂ ਪਹਿਲਾਂ ਕੱਚੀਆਂ ਖ਼ੱਲਾਂ ਨੂੰ ਚੂਨਾ-ਲੂਣ ਲਾ ਦਿੰਦਾ... ਜਾਂ ਬਾਲਟੀ ਚੁੱਕ ਕੇ ਸਤੀਰ ਨਾਲ ਲਮਕਾਈਆਂ ਮੁੰਜ ਨਾਲ ਸਿਉਂਤੀਆਂ ਖ਼ੱਲਾਂ 'ਚ ਕਿੱਕਰਾਂ ਦੇ ਸੱਕ ਵਾਲਾ ਗੇਰੂਏ ਰੰਗ ਦਾ ਪਾਣੀ ਪਾ ਕੇ ਉਨ੍ਹਾਂ ਨੂੰ ਭਰ ਦਿੰਦਾ। ਜਿਹੜੀਆਂ ਦੂਰੋਂ ਐਂ ਲੱਗਦੀਆਂ ਜਿਵੇਂ ਸ਼ਤੀਰ ਨਾਲ ਕਸਾਈ ਖਾਨੇ ਵਿਚ ਡੰਗਰ ਲਟਕਦੇ ਹੋਣ, ਜਿਨ੍ਹਾਂ ਦੀ ਚਮੜੀ ਲੱਥੀ ਹੋਵੇ, ਮੇਰੇ ਅੰਦਰ ਗੇਰੂਏ ਰੰਗ ਦਾ ਭਿਆਨਕ ਬਿੰਬ ਬਣ ਜਾਂਦਾ, ਫਿਰ ਨਹਾ ਕੇ ਸਕੂਲ ਤੁਰ ਪੈਂਦਾ। ਸਕੂਲ ਵਿਚ ਮੇਰੇ ਜਮਾਤੀ ਕਹਿੰਦੇ ਕਿ ਮਾਸਟਰ ਜੀ ਇਹਦੇ ਕੋਲੋਂ ਸਾਨੂੰ ਮੁਸ਼ਕ ਬਹੁਤ ਆਉਂਦਾ। ਇਹਦਾ ਭਾਪਾ ਚੰਮ ਰੰਗਦਾ ਆ। ਇਹ ਵੀ ਕੁੰਨਾਂ ਵਿਚ ਵੜ ਜਾਂਦਾ ਆ... ਇਹਨੂੰ ਸਕੂਲ ਵਿਚੋਂ ਕੱਢੋ। ਇਹ ਸਾਰਾ ਕੁਝ ਸੁਣ ਕੇ ਮੈਂ ਬਹੁਤ ਡਰ ਜਾਂਦਾ। ਮੈਂ ਸੋਚਦਾ ਮੈਨੂੰ ਤਾਂ ਮੁਸ਼ਕ ਆਉਂਦਾ ਨਹੀਂ ਇਨ੍ਹਾਂ ਨੂੰ ਕਿਥੋਂ ਆ ਜਾਂਦਾ। ਪਹਿਲਾਂ-ਪਹਿਲ ਤਾਂ ਮੈਨੂੰ ਸਕੂਲ ਤੋਂ ਜਵਾਬ ਮਿਲ ਗਿਆ ਸੀ। ਮਾਸਟਰ ਨੇ ਇਹ ਕਹਿਣਾ ਸ਼ੁਰੂ ਕਰ ਦਿੱਤਾ ਸੀ ਕਿ ਤੁਹਾਡਾ ਮੁੰਡਾ ਸਾਰੀ ਕਲਾਸ ਨੂੰ ਵਿਗਾੜਦਾ ਏ। ਪਰ ਭਾਪਾ ਜਦੋਂ ਨਹਾ ਧੋ ਕੇ ਚਿੱਟੇ ਕੱਪੜੇ ਪਾ ਕੇ ਸਕੂਲ ਗਿਆ ਸੀ ਤਾਂ ਜਾਂਦਾ ਹੀ ਮਾਸਟਰ 'ਤੇ ਚੜ੍ਹ ਗਿਆ ਸੀ, "ਮਾਸਟਰਾ ਕੀ ਸਲਾਹ ਆ ਬਈ... ਜੇ ਪੜ੍ਹਾਉਣਾ ਤਾਂ ਮੁੰਡਾ ਚੰਗੀ ਤਰ੍ਹਾਂ ਪੜ੍ਹਾ.. ਨਹੀਂ ਤਾਂ ਕੁੰਨਾਂ ਦਾ ਪਾਣੀ ਪਿਆ ਪਿਆ ਕੇ ਫੈਂਟੀ ਚਾੜ੍ਹੂੰ।" ਭਾਪੇ ਦੇ ਦਿਓ ਵਰਗੇ ਸਰੀਰ ਵੱਲ ਦੇਖ ਤੇ ਗੁਸੈਖੋਰ ਬੋਲ ਸੁਣ ਕੇ ਮਾਸਟਰ ਉਹਦੇ ਅੱਗੇ ਭਿੱਜੀ ਬਿੱਲੀ ਬਣ ਗਿਆ ਸੀ। ਖੈਰ ਮੈਂ ਪੜ੍ਹਦਾ ਗਿਆ। ਸੋਲਾਂ ਜਮਾਤਾਂ ਪੜ੍ਹ ਗਿਆ। ਐਨਾ ਪੜ੍ਹ ਕੇ ਕੀ ਕਰਨਾ ਹੈ ਮੈਨੂੰ ਸਮਝ ਨਾ ਆਵੇ। ਮੈਂ ਬੈਂਕਾ ਦੇ ਪੇਪਰ ਦੇ ਛੱਡਦਾ... ਕੋਈ ਗੱਲ ਧੁਰ ਨਾ ਚੜ੍ਹੀ। ਅੱਕ ਕੇ ਕਿਸੇ ਨਿੱਜੀ ਸਕੂਲ ਵਿਚ ਪੜ੍ਹਾਉਣ ਲੱਗ ਪਿਆ। ਨਵੇਂ ਕੱਪੜੇ ਪਾ ਕੇ ਜਾਂਦਾ... ਸਾਡੇ ਸਾਰੇ ਮੁਹੱਲੇ ਦੇ ਮੈਨੂੰ ਮਾਸਟਰ ਕਹਿਣ ਲੱਗ ਪਏ। ਪਰ ਕਾਹਦਾ ਮਾਸਟਰ ਬਈ? ਕਿਸੇ ਨੇ ਇਹ ਵੀ ਦੱਸਿਆ ਕਿ ਬੀ. ਐੱਡ ਕਰ ਲੈ... ਪਰ ਗੱਲ ਖਾਨੇ ਨਾ ਪਈ, ਫਿਰ ਜਿਥੇ ਮੈਂ ਪੜ੍ਹਾਉਂਦਾ ਸੀ ਉਹ ਸਕੂਲ ਬੰਦ ਹੋ ਗਿਆ। ਸਰਕਾਰ ਨੇ ਨਿੱਜੀ ਸਕੂਲਾਂ ਦੇ ਨਿਯਮ ਸਖ਼ਤ ਕਰ ਦਿੱਤੇ ਸਨ। ਮੈਂ ਟਿਊਸ਼ਨਾਂ ਪੜ੍ਹਾਉਣ ਲੱਗ ਪਿਆ। ਸਾਇਕਲ ਚੁੱਕਦਾ ਘਰ-ਘਰ ਟਿਊਸ਼ਨਾ ਪੜ੍ਹਾਉਣ ਤੁਰ ਪੈਂਦਾ। ਇਕ ਵਾਰ ਕੀ ਹੋਇਆ ਕਿ ਇਕ ਥਾਂ ਮੈਂ ਕਿਸੇ ਬੱਚੇ ਨੂੰ ਅਜੇ ਹਫ਼ਤਾ ਕੁ ਪੜ੍ਹਾਉਣ ਲੱਗਾ ਸੀ। ਉਹਦੀ ਦਾਦੀ ਕਹਿਣ ਲੱਗੀ, "ਵੇ ਮਾਸਟਰਾ ਮੇਰਾ ਮੁੰਡਾ ਕਹਿੰਦਾ ਬਈ ਮੈਂ ਨੀਂ ਟੀਸ਼ਨ ਪੜ੍ਹਨੀ ਮਾਸਟਰ ਕੋਲ... ਉਹਦੇ ਕੋਲੋਂ ਬੀੜੀਆਂ ਦਾ ਮੁਸ਼ਕ ਆਉਂਦਾ। ਵੇ! ਮਾਸਟਰਾ ਤੂੰ ਮਾਸਟਰ ਹੋ ਕੇ ਬੀੜੀਆਂ ਪੀਂਦਾਂ!!" ਮੈਂ ਕੀ ਕਹਿੰਦਾ, ਉਸ ਬੁੜ੍ਹੀ ਨੂੰ। ਸਾਇਕਲ ਚੁੱਕ ਕੇ ਘਰ ਨੂੰ ਤੁਰ ਪਿਆ। ਉਸ ਦਿਨ ਤੋਂ ਬਾਅਦ ਮੇਰੇ ਅੰਦਰਲਾ ਮਾਸਟਰ ਨਿਮੋਸ਼ੀ ਨਾਲ ਮਰ ਹੀ ਗਿਆ। ਬੀੜੀਆਂ ਕਾਹਦੀਆਂ ਛੁੱਟਣੀਆਂ ਸਨ ਮਾਸਟਰੀ ਛੁੱਟ ਗਈ। ਪਰ ਮੇਰੀ ਪਈ ਹੋਈ ਮਾਸਟਰ ਦੀ ਅੱਲ੍ਹ ਮੇਰਾ ਹੁਣ ਤੱਕ ਪਿੱਛਾ ਕਰਦੀ ਹੈ। ਜੀਕਣ ਬੰਦੇ ਦੀ ਜਾਤ ਕਬਰਾਂ ਤੱਕ ਬੰਦੇ ਦੇ ਮਗਰ ਜਾਂਦੀ ਆ। ਮੇਰਾ ਨਾਂ ਤਾਂ ਮੇਰੇ ਪਿੰਡ ਦੇ ਕਦੋਂ ਦੇ ਭੁੱਲ ਚੁੱਕੇ ਹਨ। ਸਾਰੇ ਮੈਨੂੰ ਮਾਸਟਰ ਜੀ ਕਹਿੰਦੇ ਹਨ। ਮੈਂ ਹੱਸ ਛੱਡਦਾ। ਅਸਲ ਨਾਂ ਮਕੰਦੀ ਮੱਲ ਮੈਨੂੰ ਵੀ ਭੁੱਲ ਗਿਆ ਸੀ। ਹੁਣ

ਸਹੁਰੀ ਦਾ ਮਸ਼ੀਨ 'ਤੇ ਕੰਮ ਕਰਦਾ ਕਾਲਾ ਵੀ ਖਬਰੇ ਮੈਨੂੰ ਟਿੱਚਰ ਨਾਲ ਮਾਸਟਰ ਜੀ ਕਹਿ ਰਿਹਾ ਹੈ।

ਦਫ਼ਤਰ ਦੇ ਉੱਤੇ ਲੱਗਾ ਬੋਰਡ 'ਸ਼ਿਵ ਲੈਦਰ ਪ੍ਰਾਈਵੇਟ ਲਿਮਟਿਡ' ਮੇਰਾ ਧਿਆਨ ਤੋੜ ਦਿੰਦਾ ਹੈ। ਜਿਸ ਦੇ ਮਾਲਕ ਬਾਬੂ ਤ੍ਰਿਵੇਦੀ ਨੂੰ ਮੈਂ ਮਿਲਣ ਜਾ ਰਿਹਾ ਹਾਂ। ਮਿਲਣ ਕਾਹਦਾ ਉਹਨੇ ਮੈਨੂੰ ਦਫ਼ਤਰ ਸੱਦ ਲਿਆ ਹੈ ਹਾਕ ਮਾਰ ਕੇ। ਹਾਕ ਤਾਂ ਮੈਨੂੰ ਚੌਧਰੀ ਰਾਜੂ ਮੱਲ ਜਾਣੀ ਕਿ ਮੇਰੇ ਭਾਪੇ ਨੇ ਉਦੋਂ ਵੀ ਮਾਰੀ ਸੀ। ਜਦੋਂ ਪਿੰਡ ਵਿਚੋਂ ਚੰਮ ਰੰਗਣ ਦੇ ਕਾਰਖਾਨੇ ਬੰਦ ਕਰਨ ਦੀਆਂ ਗੱਲਾਂ ਹੱਟੀ-ਭੱਠੀ ਹੋਣ ਲੱਗ ਪਈਆਂ ਸਨ। ਉਦੋਂ ਭਾਪੇ ਨੇ ਹਾਕ ਮਾਰ ਕੇ ਮੈਨੂੰ ਕਿਹਾ ਸੀ, "ਦੇਖ ਲੈ ਮਕੰਦਿਆ ਆਹ ਟਕੇ-ਟਕੇ ਦੇ ਪਟਵਾਰੀ ਸਹੁਰੀ ਦੇ ਡੀ ਸੀ ਬਣ ਗਏ ਅਖੇ ਇਹ ਕਾਰਖਾਨੇ ਬੰਦ ਕਰ ਦਿਓ। ਆਲੇ-ਦੁਆਲੇ ਦੇ ਲੋਕਾਂ ਦਾ ਇਥੋਂ ਲੰਘਣਾ ਦੁੱਭਰ ਹੋਇਆ ਵਿਆ ਆ। ਭਾਈ ਅਹੀਂ ਹੁਣ ਕੰਮ ਵੀ ਨਾ ਕਰੀਏ। ਤੁਸੀਂ ਸਾਡੇ ਮੂੰਹ 'ਚੋਂ ਬੁਰਕੀ ਖੋਹਣ ਲੱਗੇ ਹੋਏ ਓ... ਸਾਡੇ ਬਾਬੇ-ਪੜਦਾਦੇ ਇਹੀ ਕੰਮ ਕਰਦੇ ਆ ਰਹੇ ਆ। ਹੋਰ ਇਸ ਕੰਮ ਨੂੰ ਜੱਟ-ਬਾਣੀਏ ਕਰੂਗੇ... ਉਹ ਤਾਂ ਸਾਡੇ ਲਾਗੇ ਵੀ ਨੀਂ ਖੜਦੇ। ਕੰਮ ਕੀ ਕਰਨਗੇ। ਮੇਰੀ ਗੱਲ ਸੁਣ ਲੈ ਧਿਆਨ ਨਾਲ... ਮੇਰੀ ਤਾਂ ਹੁਣ ਬਾਹਲੀ ਬੀਤ ਗਈ ਆ... ਰਹਿ ਗਈ ਭੋਰਾ ਕੁ... ਤੂੰ ਹੁਣ ਆਪਣਾ ਪੜ੍ਹਿਆ ਵਿਚਾਰ ਲਈਂ... ਕੋਈ ਨੌਕਰੀ ਲੱਭ ਲਈਂ... ਘੱਟੋ-ਘੱਟ ਤਿੰਨ-ਚਾਰ ਸਾਲ ਤਾਂ ਏਸੇ ਪਿੰਡ ਹੀ ਚੰਮਾਂ ਦੀ ਰੰਗਾਈ ਦਾ ਕੰਮ ਹਊ... ਫਿਰ ਦੇਖੀ ਜਾਊ।"

ਇੰਝ ਭਾਪਾ ਅਕਸਰ ਹੀ ਬੋਲਦਾ ਸੀ। ਉਹਦਾ ਚਿਹਰਾ ਦਿਨੋ ਦਿਨ ਪੱਥਰ ਵਰਗਾ ਬਣਦਾ ਜਾ ਰਿਹਾ ਸੀ। ਸੱਚੀ-ਮੁੱਚੀ ਉੱਚੀਆਂ-ਸੁੱਚੀਆਂ ਜਾਤਾਂ ਵਾਲਿਆਂ ਨੇ ਹੀ ਤਾਂ ਸਾਡਾ ਕੰਮ ਸਾਂਭ ਲਿਆ ਸੀ। ਜਦੋਂ ਬੂਟਾ ਮੰਡੀ ਅਤੇ ਸਾਡੇ ਪਿੰਡ ਵਿਚੋਂ ਚਮੜਾ ਰੰਗਣ ਵਾਲੇ ਕਾਰਖਾਨੇ ਬੰਦ ਕਰਾ ਕੇ ਸ਼ਹਿਰੋਂ ਬਾਹਰ ਚਮੜਾ ਨਗਰ ਬਣਾ ਦਿੱਤੀ ਸੀ। ਚੰਮ ਰੰਗਣ ਵਾਲੀਆਂ ਨਵੀਆਂ- ਨਵੀਆਂ ਮਸ਼ੀਨਾਂ ਦੇ ਆਉਣ ਨਾਲ ਕਿੱਕਰ ਦੇ ਸ਼ੱਕਾਂ ਨਾਲ ਚੰਮ ਰੰਗਣ ਦੇ ਕੰਮ ਦਾ ਤਾਂ ਇਕ ਵਾਰ ਲੱਕ ਟੁੱਟ ਗਿਆ ਸੀ। ਤੇ ਭਾਪਾ ਟੁੱਟੇ ਹੋਏ ਲੱਕ 'ਤੇ ਹੱਥ ਰੱਖਦਾ ਹੋਇਆ ਸ਼ਾਮ ਨੂੰ ਹਾਕਾਂ ਮਾਰ-ਮਾਰ ਕੇ ਆਪਣੇ ਸ਼ਰੀਕੇ ਦੇ ਭਾਈ-ਭਰਾਵਾਂ ਨੂੰ ਆਪਣੀਆਂ ਸੁੱਕੀਆਂ ਕੁੰਨਾਂ 'ਤੇ ਸੱਦ ਲੈਂਦਾ ਸੀ। ਬੋਟ ਦੀ ਅੱਗ ਹੁੱਕੇ ਵਿਚ ਪਾ ਕੇ ਚਿਲਮ ਮਘਾ ਲੈਂਦਾ ਤੇ ਤਿੰਨ-ਚਾਰ ਮੰਜੀਆਂ ਡਾਹ ਲੈਂਦਾ। ਪਾਖਰ ਆ ਜਾਂਦਾ... ਛਿੱਬੂ ਆ ਜਾਂਦਾ.... ਕਾਂਸ਼ੀ ਆ ਜਾਂਦਾ... ਲੰਬੜ ਆ ਜਾਂਦਾ... ਤੇ ਆ ਜਾਂਦੇ ਤਾਰਾ, ਨੰਜੂ ਅਤੇ ਬਲਾਕੀ... ਨੰਜੂ ਕਿੱਕਰ ਦੇ ਰੰਗ ਨਾਲ ਰੰਗਿਆ ਤੇੜ ਪਰਨਾ ਠੀਕ ਕਰਦਾ ਤੇ ਹੁੱਕੇ ਦੀ ਨੜੀ ਨੂੰ ਹੱਥ ਪਾਉਂਦਾ ਕਹਿੰਦਾ, "ਚੌਧਰੀ ਸਾਹਿਬ! ਸਰਕਾਰ ਹੁਣ ਨਵਾਂ ਪੰਗਾ ਖੜਾ ਕਰਨ ਲੱਗੀ ਆ, ਇਹ ਮਸਲਾ ਕਿਵੇਂ ਸੂਤ ਆਊ, ਦੇਖੋਂ ਆਪਾ ਆਪਣੇ ਘਰਾਂ ਵਿਚ ਚੰਮ ਰੰਗਦੇ ਆ। ਸਾਡੇ ਦਾਦੇ-ਪੜਦਾਦੇ ਦਾ ਪਿਤਾ-ਪੁਰਖੀ ਕੰਮ ਆ। ਅਸੀਂ ਤਾਂ ਲੋਕਾਂ ਦਾ ਗੰਦ ਸਿਰਾਂ 'ਤੇ ਢੋਂਹਦੇ ਆ, ਪਹਿਲਾਂ ਉਨ੍ਹਾਂ ਦੇ ਮਰੇ ਡੰਗਰ ਚੁੱਕਦੇ ਹਾਂ, ਜੇ ਨਾ ਚੁੱਕੀਏ ਤਾਂ ਇਹ ਉਂਝ ਹੀ ਮੁਸ਼ਕ ਨਾਲ ਮਰ ਜਾਣ... ਫੇ ਉਨ੍ਹਾਂ ਦਾ ਚੰਮ ਲਹੁੰਦੇ ਆਂ, ਹੱਡਾ-ਰੋੜੀ ਦੀ ਨਰਕ ਵਰਗੀ ਜ਼ਿੰਦਗੀ ਜਿਉਂਦੇ ਆ, ਫੇ ਚੰਮ ਰੰਗਦੇ ਆਂ, ਐਨੀ ਮਿਹਨਤ ਕਰੀਦੀ ਆਂ ਤਾਂ ਕਿਤੇ ਜਾ ਕੇ ਪੱਕੀ ਆੜ੍ਹਤ ਆਲੇ ਚਮਾਰ ਆੜ੍ਹਤੀਏ ਸਾਡੇ ਹੱਥਾਂ 'ਤੇ ਟਕਾ ਰੱਖਦੇ ਆ, ਜੇ ਇਹ ਕੰਮ ਸਾਡੇ ਹੱਥੋਂ ਨਿਕਲ ਗਿਆ ਤਾਂ ਫੇ ਅਸੀਂ ਭੁੱਖੇ ਮਰ ਜਾ ਗੇ।"

ਮੇਰਾ ਭਾਪਾ ਗੰਭੀਰ ਹੋ ਕੇ ਕਹਿੰਦਾ, "ਦੇਖੋ ਬਈ ਭਰਾਵੋ! ਪਟਵਾਰੀ ਤਾਂ ਕਹਿੰਦਾ ਸੀ ਬਈ ਸਰਕਾਰ ਹੁਣ ਸਖਤੀ ਕਰੂਗੀ, ਤੁਹਾਡੇ ਲਈ ਚਮੜਾ ਨਗਰ ਬਣਾ ਰਹੀ ਹੈ ਸਰਕਾਰ। ਉਥੇ ਤੁਸੀਂ ਪਲਾਟ ਖਰੀਦ ਲਓ ਤੇ ਉਥੇ ਰੰਗਾਈ ਦਾ ਕੰਮ ਕਰੋ।"

"ਸਾਡੇ ਕੋਲੋਂ ਐਨੇ ਪੈਸੇ ਕਿੱਥੇ ਆ ਬਈ ਅਸੀਂ ਕਾਰਖਾਨੇ ਲਾਈਏ। ਇਥੇ ਤਾਂ ਦਿਨ-ਰਾਤ ਕੰਮ ਕਰ



ਲਈਦਾ ਆ, ਘਰ ਦੇ ਜੀਅ ਮਦਦ ਕਰਾ ਦਿੰਦੇ ਆ। ਸ਼ਹਿਰਾਂ ਦੇ ਖਰਚੇ ਕਿੰਨੇ ਵਧਣਗੇ, ਸਰਕਾਰ ਤਾਂ ਸਾਡੇ ਮੂੰਹ 'ਚੋਂ ਬੁਰਕੀ ਖੋਹਣ 'ਤੇ ਉਤਰੀ ਹੋਈ ਆ... ਕਦੇ ਕਹਿੰਦੇ ਤੁਸੀਂ ਉੱਜੜ ਜਾਓ... ਕਦੇ ਕਹਿੰਦੇ ਵਸ ਜਾਓ।"

ਤੇ ਹਾਕ ਮਾਰ ਕੇ ਭਾਪੇ ਨੇ ਬੀਬੀ ਨੂੰ ਚਾਹ ਧਰਨ ਲਈ ਕਿਹਾ ਸੀ। ਰਾਜੂ ਮੱਲ ਕਹਿਣ ਲੱਗਾ ਸੀ, "ਮੈਂ ਤਾਂ ਸੁਣਿਆ ਬਈ, ਬਸਤੀਆਂ ਵੱਲ ਕਾਲੀ ਵੇਈਂ ਕੋਲ ਕਾਰਖਾਨਿਆਂ ਦਾ ਕੰਮ ਸ਼ੁਰੂ ਵੀ ਹੋ ਗਿਆ। ਕਹਿੰਦੇ ਉਥੇ ਬੂਟਾ ਮੰਡੀ ਦੇ ਸੇਠਾਂ ਨੇ ਵੱਡੇ-ਵੱਡੇ ਕਾਰਖਾਨੇ ਲਾਉਣ ਲਈ ਥਾਂ ਲੈ ਵੀ ਲਈ ਆ। ਅਤੇ ਜਿਹੜੇ ਲੋਕ ਸਾਡੇ ਏਸ ਕੰਮ ਨੂੰ ਭਿੱਟ ਸਮਝਦੇ ਨੇ ਉਨ੍ਹਾਂ ਨੇ ਵੀ ਕਾਰਖਾਨੇ ਲਾਉਣ ਲਈ ਗੌਰਮੈਂਟ ਕੋਲੋਂ ਜ਼ਮੀਨਾਂ ਖਰੀਦ ਲਈਆਂ। ਲੈ ਬਈ ਇਹ ਤਾਂ ਹੱਦ ਹੋਗੀ, ਕਦੇ ਸੁਣਿਆ ਸੀ ਬਾਹਮਣ-ਬਾਣੀਏ ਵੀ ਨਿੱਕੀਆਂ-ਸੁੱਕੀਆਂ ਜਾਤਾਂ ਵਾਲਾ ਚੰਮਾਂ ਦੀ ਰੰਗਾਈ ਦਾ ਕੰਮ ਕਰਨਗੇ। ਤੁਸੀਂ ਸੁਣਿਆ ਈ ਆ ਬਈ ਇਹ ਤਾਂ ਕੋਹ ਤੋਂ ਥੂਹ-ਥੂਹ ਕਰਨ ਲੱਗ ਪੈਂਦੇ ਸੀ।"

"ਚੌਧਰੀ ਯਾਰ ਤੂੰ ਐਨੀਆਂ ਗੱਪਾਂ ਕਿਉਂ ਮਾਰਦਾਂ, ਭਲਾ ਬਾਣੀਆ ਪੁੱਤ ਕਿਵੇਂ ਇਹ ਕੰਮ ਕਰ ਸਕਦਾ। ਇਹ ਕੰਮ ਤਾਂ ਸਾਡੇ ਵਰਗੇ ਨੀਚ ਲੋਕਾਂ ਦਾ... ਸ਼ੂਦਰਾਂ ਦਾ ਸਾਡੇ ਤੋਂ ਬਿਨਾਂ ਮਰੇ ਹੋਏ ਡੰਗਰ ਕੌਣ ਚੱਕ ਲਊ... ਊਂ ਈ ਸਹੁਰਾ ਮਰ ਜਾਊ... ਧਰਮ ਭ੍ਰਸ਼ਿਟ ਹੋ ਜੂ... ਸਾਡੇ ਤੋਂ ਬਿਨਾਂ ਕੌਣ ਉਨ੍ਹਾਂ ਦੀ ਖੱਲ ਲਾਹੂ... ਕੌਣ ਕੁੰਨਾਂ ਦੇ ਪਾਣੀ ਵਿਚ ਚੰਮ ਪਾ ਕੇ ਉਨ੍ਹਾਂ ਦੇ ਰੋਮ ਖੋਹਲੂ.. ਉਨ੍ਹਾਂ ਦੀ ਗੰਦਗੀ ਸਾਫ਼ ਕਰਨੀ ਇਹ ਕੰਮ ਭਲਾ ਉਹ ਕਿਵੇਂ ਕਰਨਗੇ?"

"ਓਏ! ਮੂਰਖਾ ਇਹ ਕੌਮਾਂ ਤਾਂ ਕੰਮ ਕਰਾਉਣਗੀਆਂ, ਤੇਰੇ ਮੇਰੇ ਵਰਗਿਆ ਲੋਕਾਂ ਕੋਲੋਂ। ਲੈ ਮੇਰੇ ਤੋਂ ਲਿਖਾ ਲੈ... ਪਿੰਡ ਵਿਚੋਂ ਸਾਰੇ ਤੇਰੇ-ਮੇਰੇ ਅਰਗੇ ਉਨ੍ਹਾਂ ਦੇ ਕਾਰਖਾਨਿਆਂ 'ਚ ਚੰਮ ਰੰਗਣਗੇ...ਜਦੋਂ ਘਰੇ ਭੰਗ ਭੁੱਜੂ ਤਾਂ ਇਹ ਕੰਮ ਕਰਨਗੇ.. ਜੇ ਨਹੀਂ ਕਰਨਗੇ ਤਾਂ ਭੁੱਖੇ ਮਰਨਗੇ।"

"ਪੈਸੇ ਠੋਕ ਕੇ ਲਵਾਂਗੇ।" ਬਲਾਕੀ ਕਹਿੰਦਾ।

"ਬਥੇਰੇ ਜੰਮ ਪੈਣਗੇ... ਟਕੇ ਟਕੇ 'ਤੇ ਕੰਮ ਕਰਨ ਆਲੇ।" ਛਿੱਬੂ ਕਹਿੰਦਾ।

ਤੇ ਹੁਣ ਹਾਕ ਇਸ ਫੈਕਟਰੀ ਦੇ ਮਾਲਕ ਤ੍ਰਿਵੇਦੀ ਨੇ ਮਾਰੀ ਸੀ। ਇਸ ਚਮੜਾ ਨਗਰ ਵਿਚ ਜਦੋਂ ਪਲਾਟਾਂ ਦੀ ਵੰਡ ਹੋਈ ਸੀ ਤਾਂ ਭਾਪੇ ਹੁਣਾਂ ਨੂੰ ਵੀ ਪਲਾਟ ਮਿਲਿਆ, ਛੱਜੂ ਨੂੰ ਵੀ... ਬਲਾਕੀ ਨੂੰ ਵੀ... ਤੇ ਕਾਂਸ਼ੀ ਤੇ ਛਿੱਬੂ ਨੂੰ ਵੀ। ਸੱਤਾ ਦਾ ਸੁੱਖ ਭੋਗ ਰਹੇ ਕਈ ਦਲਿਤ ਨੇਤਾਵਾਂ ਨੇ ਵੀ ਪਲਾਟ ਲੈ ਲਏ। ਚੌਧਰੀ ਸੂਬਾ ਸਿੰਘ ਨੇ ਚਮੜਾ ਨਗਰ 'ਚ ਤਿੰਨ ਪਲਾਟ ਚਾਰ-ਚਾਰ ਕਨਾਲ ਦੇ ਵੱਖ-ਵੱਖ ਨਾਂਵਾਂ 'ਤੇ ਖਰੀਦ ਲਏ। ਉਧਰ ਪਿੰਡ ਦੇ ਇਨ੍ਹਾਂ ਲੋਕਾਂ ਨੂੰ ਮਸ਼ੀਨਰੀ ਨਾਲ ਚੰਮ ਰੰਗਣ ਦਾ ਕੰਮ ਕਿਥੇ ਕਰਨਾ ਆਉਂਦਾ ਸੀ। ਐਨੇ ਪੈਸਾ ਵੀ ਨਹੀਂ ਸੀ ਅਤੇ ਕੰਮ ਕਰਾਉਣ ਦੀ ਜਾਚ ਵੀ ਨਹੀਂ ਸੀ। ਫੇ ਕੀ ਹੋਇਆ ਕਿ ਸਭ ਨੇ ਪਲਾਟ ਵੇਚ ਦਿੱਤੇ। ਲੈਣ ਆਲੇ ਬਥੇਰੇ ਮਗਰ-ਮਗਰ ਫਿਰਦੇ ਸਨ। ਭਾਪੇ ਨੇ ਸ਼ਿਵ ਪਾਲ ਜੁਨੇਜਾ ਨੂੰ ਪਲਾਟ ਵੇਚ ਦਿੱਤਾ ਅਤੇ ਉਨ੍ਹਾਂ ਉਥੇ ਜਗਦੰਬੇ ਟੈਂਟਰੀਜ਼ ਨਾਂ ਦੀ ਫੈਕਟਰੀ ਲਾ ਲਈ। ਥੋੜ੍ਹਾ ਚਿਰ ਭਾਪੇ ਨੇ ਇਥੇ ਕੰਮ ਕੀਤਾ, ਪਰ ਉਹਦਾ ਮਨ ਖੱਟਾ ਹੋ ਗਿਆ। ਤੇ ਉਹ ਘਰ ਬੈਠ ਗਿਆ।

ਐਨੇ ਨੂੰ ਮੈਂ ਦਫ਼ਤਰ ਮੋਹਰੇ ਪਹੁੰਚ ਜਾਂਦਾ ਹਾਂ। ਬੂਹਾ ਖੋਲ ਕੇ ਬਾਬੂ ਤ੍ਰਿਵੇਦੀ ਹੁਰਾਂ ਦੇ ਮੂਹਰੇ ਜਾ ਖੜਦਾ ਹਾਂ, "ਬਾਬੂ ਮਕੰਦ ਮੱਲ ਜੀ! ਲੇਬਰ ਕੋਲੋਂ ਸਾਰਾ ਮਾਲ ਲਹਾ ਕੇ ਰੱਖ ਲਓ। ਕੰਡਮ ਮਾਲ ਇਕ ਪਾਸੇ ਕਰੀ ਜਾਣਾ। ਸਾਰੀ ਗਿਣਤੀ ਕਰ ਕੇ ਮੈਨੂੰ ਦੱਸੋ।" ਬਸ ਐਨਾ ਕਹਿ ਕੇ ਮੈਨੂੰ ਬਾਹਰ ਤੋਰ ਦਿੱਤਾ।

ਇਹ ਚਮੜਾ ਨਗਰ ਕਈ ਏਕੜਾਂ ਵਿਚ ਫੈਲਿਆ ਹੋਇਆ ਹੈ। ਇਥੇ ਸਾਡੇ ਚਮਾਰਾਂ ਕੋਲ ਤਾਂ ਤਿੰਨ ਚਾਰ ਚਮੜਾ ਰੰਗਣ ਦੇ ਕਾਰਖਾਨੇ ਹਨ, ਬਾਕੀ ਕਾਰਖਾਨੇ ਦੂਜੇ ਲੋਕਾਂ ਲੋਕ ਹਨ। ਭਾਪੇ ਦੀ ਗੱਲ ਸੱਚੀ ਹੋਈ

ਸੀ। ਹੌਲੀ-ਹੌਲੀ ਸਾਡੇ ਪਿੰਡ ਦੇ ਚਮੜਾ ਰੰਗਣ ਵਾਲੇ ਲੋਕ ਚਮੜਾ ਨਗਰ ਆ ਕੇ ਦਿਹਾੜੀ ਕਰਨ ਲੱਗ ਪਏ ਸਨ। ਉਹ ਸਵੇਰੇ ਸਾਇਕਲਾਂ 'ਤੇ ਆਉਂਦੇ ਅਤੇ ਸ਼ਾਮ ਨੂੰ ਘਰਾ ਨੂੰ ਤੁਰ ਪੈਂਦੇ। ਇਸ ਚਮੜਾ ਨਗਰ ਦੇ ਬਣਨ ਤੋਂ ਪਹਿਲਾਂ ਹੀ ਭਾਪੇ ਹੁਣਾਂ ਦਾ ਚਮੜਾ ਰੰਗਣ ਦਾ ਕੰਮ ਮੰਦੇ ਵਿਚ ਜਾਣ ਲੱਗ ਪਿਆ ਸੀ। ਖ਼ੱਲਾਂ ਪਤਾ ਨਹੀਂ ਕਿਥੇ ਗਾਇਬ ਹੋਣ ਲੱਗ ਪਈਆਂ ਸਨ। ਕੱਚੀਆਂ ਖ਼ੱਲਾਂ ਬੜੀਆਂ ਮਹਿਗੀਆਂ ਮਿਲਦੀਆਂ ਸਨ। ਇਸ ਚਮੜਾ ਨਗਰ ਦੇ ਕਾਰਖਾਨਿਆਂ ਵਿਚ ਇਸ ਦੀ ਖਪਤ ਬਹੁਤ ਵਧ ਗਈ ਸੀ। ਬੂਟਾ ਮੰਡੀ 'ਚ ਕੱਚੇ ਚਮੜੇ ਦੀ ਆੜ੍ਹਤ ਕਰਨ ਵਾਲੇ, ਦਿਨਾਂ ਵਿਚ ਸੇਠ ਬਣ ਗਏ ਸਨ। ਉਧਰ ਕਿੱਕਰ ਦੇ ਸੱਕ ਨਾਲ ਰੰਗਾਈ ਬਹੁਤ ਮਹਿਗੀ ਪੈਣ ਲੱਗ ਪਈ ਸੀ। ਜਦੋਂ ਭਾਪੇ ਹੁਣੀਂ ਬੂਟਾ ਮੰਡੀ ਚੰਮ ਰੰਗ ਕੇ ਲਿਜਾਂਦੇ ਸੀ ਤਾਂ ਉਨ੍ਹਾਂ ਨੂੰ ਉਥੇ ਉਹ ਮੁੱਲ ਨਾ ਮਿਲਦਾ ਜਿਹੜਾ ਕਮਾਈ ਵਾਲਾ ਹੁੰਦਾ। ਐਵੇਂ ਦਾਲ-ਫੁਲਕਾ ਚੱਲਦਾ ਸੀ। ਮਾਰਕੀਟ 'ਚ ਮਸ਼ੀਨੀ ਰੰਗਾਈ ਵਾਲੇ ਚਮੜੇ ਦੀ ਮੰਗ ਵਧ ਸੀ।

ਗਰਮੀ ਵਧ ਰਹੀ ਸੀ। ਟਰੱਕ 'ਚ ਖ਼ੱਲਾਂ ਭੜਾਸ ਮਾਰਨ ਲੱਗ ਪਈਆਂ ਸਨ। ਭੜਾਸ ਨੂੰ ਮਹਿਸੂਸ ਕਰਦਿਆਂ ਮੈਂ ਦਿਹਾੜੀਦਾਰਾਂ ਨੂੰ ਕਹਿਣ ਲੱਗਾ, "ਦੇਖੋ ਬਈ ਸਾਰੇ ਸੁਣ ਲਓ ਧਿਆਨ ਨਾਲ... ਛਾਂਟੀ ਕਰਕੇ ਰੱਖੀ ਜਾਓ। ਐਨ ਧਿਆਨ ਨਾਲ ਜੇ ਕੋਈ ਦਾਗੀ ਹੋਵੇ ਜਾਂ ਕੱਟੀ-ਫਟੀ ਖ਼ੱਲ ਹੋਵੇ, ਉਹਨੂੰ ਨੁਕੱਰੇ ਰੱਖੀ ਜਾਓ ਕੱਟਾਹਲ ਐਧਰ ਤੇ ਗੋਕੇ ਦੀ ਉਧਰ ਧਾਂਕ ਲਾਈ ਜਾਓ। ਮੱਝਾਂ ਦੀ ਏਧਰ।" ਮੈਂ ਇਸ਼ਾਰੇ ਨਾਲ ਟਰੱਕ 'ਤੇ ਚੜ੍ਹਨ ਲੱਗੇ ਮਜ਼ਦੂਰਾਂ ਨੂੰ ਸਮਝਾ ਰਿਹਾ ਸੀ।

ਦੇਬੀ ਤੇ ਨੰਜੂ ਟਰੱਕ ਉਪਰ ਜਾ ਚੜ੍ਹੇ, ਦੋਵੇਂ ਮਸ਼ਕਰੀਆਂ ਕਰਦੇ ਨਾਲੇ ਖ਼ੱਲਾਂ ਥੱਲੇ ਸੁੱਟੀ ਜਾਂਦੇ, "ਲੈ ਚੁੱਕ ਪਿਆਰਿਆ ਝੋਟਾ.... ਵੇਖੀਂ ਕਿਤੇ ਪੂਛ ਮਾਰ ਕੇ ਮੂੰਹ ਨਾ ਛਿੱਲ ਦੇਵੇ... ਆਹ ਲੈ ਚੁੱਕ ਬੱਕਰਾ... ਅੱਜ ਖਰੋੜੇ ਬਣਾਈਂ.... ਆਹ ਮੱਝ ਆ ਗਈ, ਮੋਟੇ ਮਾਸ ਆਲੀ... ਬੱਕਰੀ ਨੂੰ ਖਿਆਲ ਨਾਲ ਹੱਥ ਪਾਈਂ... ਦੁੱਧ ਦਿੰਦੀ ਮੇਂਗਣਾਂ ਪਾ ਦਿੰਦੀ ਆ।" ਉਧਰੋਂ ਡਰਾਇਵਰ ਆ ਜਾਂਦਾ ਹੈ, 'ਲਤੀਫ਼ੇਬਾਜ਼ੀ ਛੱਡੋ ਤੇ ਕੰਮ ਕਰੋ। ਐਵੇਂ ਮਗਜ਼ ਮਾਰੀ ਜਾਂਦੇ ਓ, ਉਤੋਂ ਹੁੱਸੜ ਕਹਿਰ ਦਾ ਆ।" ਉਹ ਕਾਫੀ ਹੰਢਿਆ ਹੋਇਆ ਡਰਾਇਵਰ ਸੀ। ਮੇਰੇ ਨੇੜੇ ਲੱਕੜ ਦਾ ਬੈਂਚ ਖਿੱਚ ਕੇ ਕਹਿਣ ਲੱਗਾ, "ਬਾਬੂ ਜੀ ਏਧਰ ਆਓ ਤੁਸੀਂ, ਇਨ੍ਹਾਂ ਨੇ ਮਾਲ ਆਪੇ ਲਾਹੀ ਜਾਣਾ। ਐਵੇਂ ਬਹੁਤ ਮਗਜ ਨ੍ਹੀਂ ਮਾਰੀ ਦਾ।" ਐਨੇ ਨੂੰ ਚਾਹ ਵਾਲੇ ਖੋਖੇ ਤੋਂ ਚਾਹ ਆ ਗਈ। ਉਹ ਚਾਹ ਦੇ ਘੁੱਟ ਭਰਦਾ ਕਹਿੰਦਾ, "ਸਾਡੇ ਪਿੰਡਾਂ ਕੰਨੀਓ ਦੇ ਚਮਾਰਾਂ ਨੇ ਖ਼ੱਲਾਂ ਲਾਹ-ਲਾਹ ਕੇ ਬੜਾ ਪੈਸਾ ਕਮਾਇਆ। ਕਈਆਂ ਨੇ ਤਾਂ ਖੱਤੇ ਲੈ ਲਏ। ਪਹਿਲਾਂ ਪਹਿਲ ਤਾਂ ਮਰੇ ਡੰਗਰ ਚੁੱਕਣ ਦੇ ਵੀ ਪੈਸੇ ਲੈਂਦੇ ਸੀ, ਡੰਗਰ ਚੁੱਕਣ ਗਿਆ ਸਾਡਾ ਬੁੜ੍ਹਾ ਬੜੇ ਰੋਹਬ ਨਾਲ ਪੈਸੇ ਮੰਗਦਾ ਸੀ। ਉਹ ਓਨਾ ਚਿਰ ਡੰਗਰ ਨੂੰ ਹੱਥ ਨਹੀਂ ਸੀ ਲਾਉਂਦਾ ਜਿੰਨਾ ਚਿਰ ਘਰ ਦੇ ਦਸ ਵੀਹ-ਰੁਪਏ ਉਹਦੇ ਹੱਥ 'ਤੇ ਵਗਾਹ ਕੇ ਨਹੀਂ ਸੀ ਮਾਰਦੇ। ਓਨਾ ਚਿਰ ਕਹੀ ਜਾਂਦਾ ਸੀ, ਲੈ ਇਹ ਤਾਂ ਮੁਸ਼ਕ ਮਾਰਦਾ, ਮੈਂ ਮਰਨਾ ਚੁੱਕ ਕੇ... ਹੋਰ ਈ ਕੋਈ ਬਿਮਾਰੀ ਚੁੰਬੜ ਜਾਊ।" ਫੇ ਇਹ ਵੀ ਸਮਾਂ ਆਇਆ ਕਿ ਉਹ ਮੁਫ਼ਤ ਚੁੱਕਣ ਲੱਗ ਪਏ। ਹੱਡਾ-ਰੋੜੀ 'ਤੇ ਖ਼ੱਲਾਂ ਲਾਹ ਕੇ ਕੱਚੀ ਆੜ੍ਹਤ 'ਤੇ ਸੁੱਟ ਆਉਂਦੇ। ਸੁੱਕੇ ਪੈਸੇ, ਨਾ ਹਿੰਗ ਲੱਗੇ ਨਾ ਫਟਕੜੀ ਲੱਗੇ। ਬਾਬੂ ਜੀ! ਸਾਡਾ ਪਿੰਡ ਸਤਲੁੱਜ ਅੱਲ ਆ, ਸਗਨੇਆਲ ਕੰਨਿਓਂ, ਉਦੋਂ ਸਾਰੇ ਚਮਾਰ ਦਰਿਆ ਲਾਗੇ ਈ ਖ਼ੱਲਾਂ ਲਾਹੁੰਦੇ ਸੀ ਤੇ ਹੱਡਾ-ਰੋੜੀ ਦਾ ਮਲਬਾ ਦਰਿਆ ਵਿਚ ਰੋੜ ਦਿੰਦੇ ਸੀ। ਜਦੋਂ ਖੇਤਾਂ 'ਚ ਸੀਰੀ ਦਾ ਕੰਮ ਕਰਨ ਵਾਲੇ ਹੋਰ ਚਮਾਰਾਂ ਨੇ ਦੇਖਿਆ ਬਈ ਏਸ ਕੰਮ 'ਚ ਤਾਂ ਪੈਸਾ ਬਾਹਲਾ ਆ ਤੇ ਨਾ ਹੀ ਜੱਟਾਂ ਦੀ ਗੁਲਾਮੀ ਕਰਨੀ ਪੈਂਦੀ ਆ। ਜੱਟ ਤਾਂ ਖੇਤਾਂ ਵਿਚ ਕੰਮ ਕਰਾ-ਕਰਾ ਕੇ ਕੁੱਬ ਕੱਢ ਦਿੰਦੇ ਆ। ਫੇਰ ਵੀ ਗੋਡਾ ਧੌਣ 'ਤੇ ਰੱਖਦੇ ਆ। ਰੋਹਬ ਨਾਲ ਡੰਗਰ ਚੁੱਕੋ ਖ਼ੱਲ ਲਾਹੋ ਤੇ ਆੜ੍ਹਤ 'ਤੇ ਸੁੱਟ ਆਓ... ਹੋਰ ਨ੍ਹੀਂ ਤਾਂ ਹੱਡਾ-ਰੋੜੀ ਦਾ ਬਾਰਦਾਨਾ ਈ ਨ੍ਹੀਂ ਮਾਣ, ਉਹਦੇ ਵਿਚੋਂ ਚੰਗੀ ਕਮਾਈ ਹੋ ਜਾਂਦੀ ਆ। ਬਾਰਦਾਨੇ ਨੂੰ ਤਾਂ



ਬਾਬੂ ਜੀ ਤੁਸੀਂ ਸਮਝਦੇ ਹੋਵੋਂਗੇ... ਉਹੀ ਡੰਗਰਾਂ ਦੀਆਂ ਹੱਡੀਆਂ ਮੈਂ ਤਾਂ ਸੁਣਿਆ ਉਨ੍ਹਾਂ ਨੂੰ ਪੀਹ ਕੇ ਕੋਈ ਦਵਾਈ ਬਣਦੀ ਆ ਜਿਹੜੀ ਖੰਡ ਨੂੰ ਸਾਫ਼ ਕਰਦੀ ਆ। ਪਤਾ ਨਹੀਂ ਸੱਚ ਆ ਜਾਂ ਝੂਠ... ਫੇ ਜੀ ਹੇੜਾਂ ਦੀਆਂ ਹੇੜਾਂ ਚਮਾਰਾਂ ਦੀਆਂ ਪਿੰਡਾਂ 'ਚ ਫਿਰਨ ਲੱਗੀਆਂ। ਐਂ ਹੋਕਾ ਦਿੰਦੇ ਜਿਵੇਂ ਸਬਜ਼ੀ ਵੇਚਦੇ ਹੋਣ, 'ਲੈ ਬਈ ਕੋਈ ਕੱਟਾ-ਬੱਛਾ ਡੰਗਰ ਮਰਿਆ ਹੋਵੇ ਤਾਂ...' ਲੋਕੀਂ ਉਨ੍ਹਾਂ ਦੀਆਂ ਅਵਾਜ਼ਾਂ ਸੁਣ ਕੇ ਬੂਹੇ ਭੇੜ ਲੈਂਦੇ ਸੀ। ਮਤੇ ਡੰਗਰਾਂ 'ਤੇ ਉਨ੍ਹਾਂ ਦੀ ਪੱਥਰ ਪਾੜ ਨਜ਼ਰ ਨਾ ਪੈ ਜਾਵੇ। ਕਹਿੰਦੇ ਸੀ ਮਰੇ ਡੰਗਰ ਚੁੱਕਣ ਵਾਲੇ ਚਮਾਰ ਦੀ ਨਜ਼ਰ ਈ ਪੱਥਰ ਪਾੜ ਹੁੰਦੀ ਆ। ਫੇ ਜੀ ਉਦੋਂ ਪੈਸੇ ਦੇ ਕੇ ਡੰਗਰ ਚੁੱਕਣ ਦਾ ਕੰਮ ਚੱਲ ਪਿਆ। ਹੱਡਾ-ਰੋੜੀ 'ਤੇ ਖ਼ੱਲਾਂ ਲਾਹੁਣ ਵਾਲੇ ਚਮਾਰ ਵੱਧ ਗਏ... ਡੰਗਰ ਘਟ ਗਏ... ਉਦੋਂ ਕੀ ਹੁੰਦਾ ਬੇਰੁਜ਼ਗਾਰੀ..... ਕਈਆਂ ਨੇ ਫੇਰ ਕੰਮ ਛੱਡ ਦਿੱਤਾ। ਇਕ ਵੇਲਾ ਇਹ ਵੀ ਆਇਆ ਕਿ ਜਦੋਂ ਏਸ ਕੰਮ ਨੂੰ ਸਾਡੇ ਲੋਕ ਨਖਿੱਧ ਕੰਮ ਸਮਝ ਲੁੱਧੇਹਾਣੇ ਹੌਜ਼ਰੀ 'ਚ ਜਾਣ ਲੱਗ ਪਏ ਪਰ ਜਿਨ੍ਹਾਂ ਦੇ ਹੱਡਾਂ ਵਿਚ ਇਹ ਕੰਮ ਵੜ ਗਿਆ, ਉਹ ਕਿੱਥੋਂ ਛੱਡਦੇ ਆ। ਉਧਰ ਖੇਤਾਂ ਵਿਚ ਸੀਰਪੁਣਾ ਕਰਨ ਵਾਲੇ ਚਮਾਰ ਵੀ ਇਨ੍ਹਾਂ ਨੂੰ ਨਫ਼ਰਤ ਕਰਨ ਲੱਗ ਪਏ। ਜਿਹਦਾ ਪਿਓ ਮਰੇ ਡੰਗਰ ਚੁੱਕਦਾ ਸੀ ਉਸ ਘਰ ਦਿਹਾੜੀਦਾਰ ਚਮਾਰ ਕੁੜੀ ਨ੍ਹੀਂ ਸੀ ਦਿੰਦਾ। ਕਹਿੰਦੇ ਇਨ੍ਹਾਂ ਕੋਲੋਂ ਮੁਸ਼ਕ ਆਉਂਦਾ। ਇਹ ਕਸਾਈ ਲੋਕ ਨੇ... ਪਾਪੀ ਤੇ ਨਰਕਾਂ ਦੇ ਭਾਗੀ। ਫੇ ਕੀ ਹੋਇਆ ਬਈ ਮਰੇ ਡੰਗਰ ਦੀਆਂ ਖ਼ੱਲਾਂ ਲਾਹੁਣ ਵਾਲੇ ਚਮਾਰਾਂ ਨੇ ਪਿੰਡੋਂ ਬਾਹਰ ਹੱਡਾ-ਰੋੜੀ ਕੋਲ ਘਰ ਬਣਾਉਣੇ ਸ਼ੁਰੂ ਕਰ ਦਿੱਤੇ। ਐਂ ਇਹ ਦੂਜਿਆਂ ਨਾਲੋਂ ਵੱਖ ਹੋ ਗਏ।"

ਡਰਾਇਵਰ ਗੱਲਾਂ ਦੀ ਲੜੀ ਨਹੀਂ ਸੀ ਟੁੱਟਣ ਦੇ ਰਿਹਾ। ਪਰ ਮੇਰਾ ਵਧੇਰੇ ਧਿਆਨ ਟਰੱਕ 'ਚੋਂ ਲੱਥ ਰਹੀਆਂ ਖ਼ੱਲਾਂ ਵੱਲ ਸੀ। ਮੇਰੇ ਮਨ 'ਚ ਭਾਪੇ ਦਾ ਉਹ ਸਮਾਂ ਚੱਲਣ ਲੱਗ ਪਿਆ ਜਦੋਂ ਉਸ ਦੇ ਟੱਬਰ ਨੂੰ ਪਿੰਡੋਂ ਕੱਢਿਆ ਗਿਆ ਸੀ। ਉਹਨੂੰ ਤਾਂ ਬਰਾਦਰੀ ਨੇ ਹੀ ਛੇਕ ਦਿੱਤਾ ਸੀ। ਭਾਪੇ ਦੇ ਪਿਓ ਜਾਗਰ ਮੱਲ ਦਾ ਆਲੇ ਦੁਆਲੇ ਦੇ ਵੀਹ ਪਿੰਡਾਂ 'ਤੇ ਪੂਰਾ ਕਬਜ਼ਾ ਸੀ। ਇਨ੍ਹਾਂ ਪਿੰਡਾਂ 'ਚ ਜਿਹੜਾ ਵੀ ਡੰਗਰ ਮਰਦਾ ਸੀ। ਮੇਰਾ ਬਾਬਾ ਜਾਗਰ ਚੁੱਕਦਾ ਸੀ। ਸੰਤੂ ਲੁਹਾਰ ਕੋਲੋਂ ਉਸ ਨੇ ਬੜੀ ਮਜ਼ਬੂਤ ਰੇਹੜੀ ਬਣਾਈ ਹੋਈ ਸੀ। ਜਾਗਰ ਮੱਲ ਤਕੜੇ ਜੁੱਸੇ ਦਾ ਸੀ। 'ਮੋਟਾ ਮਾਸ' ਉਹ ਰੂਹ ਨਾਲ ਖਾਂਦਾ ਸੀ। ਮਰੇ ਹੋਏ ਡੰਗਰ ਬਾਰੇ ਉਹ ਪੜਤਾਲ ਕਰ ਲੈਂਦਾ ਸੀ। ਬਈ ਉਹਨੂੰ ਕਿਸੇ ਤਰ੍ਹਾਂ ਦੀ ਮਰਜ਼ ਤਾਂ ਨਹੀਂ, ਉਹ ਮਰਿਆ ਕਿਵੇਂ ਆ, ਨਿੱਗਰ ਡੰਗਰ ਦੇਖ ਕੇ ਉਹਦੀ ਭੁੱਖ ਚਮਕ ਜਾਂਦੀ... ਰੇਹੜੀ 'ਤੇ ਲੱਦ ਉਹ ਹੱਡਾ-ਰੋੜੀ ਲੈ ਆਉਂਦਾ, ਉਸ ਦੀ ਖੱਲ ਉਹ ਆਪ ਲਾਹੁੰਦਾ ਬੜੇ ਧਿਆਨ ਨਾਲ। ਹੱਡਾ-ਰੋੜੀ ਦੇ ਚਬੂਤਰੇ 'ਤੇ ਸੁੱਟ ਉਹ ਪੱਥਰ 'ਤੇ ਰੰਬੀ ਤਿੱਖੀ ਕਰਦਾ... ਉਹਦੀ ਧਾਰ ਪਰਖਦਾ... ਆਪਣੇ ਰੰਬੀ ਵਾਲੇ ਗੁਰੂ ਨੂੰ ਚੇਤੇ ਕਰਦਾ। ਇੱਲ੍ਹਾਂ ਤੇ ਕੁੱਤੇ ਉਹਦੇ ਆਲੇ-ਦੁਆਲੇ ਚੱਕਰ ਮਾਰਨ ਲੱਗਦੇ। ਖੱਲ ਲਾਹ ਕੇ ਉਹ ਇਕ ਪਾਸੇ ਰੱਖ ਦਿੰਦਾ। ਖਰੇ ਖਰੇ 'ਮੋਟੇ ਮਾਸ' ਨੂੰ ਲਾਹ ਕੇ ਉਹ ਬੋਰੀ 'ਚ ਪਾਈ ਜਾਂਦਾ। ਇਹੋ ਜਿਹੇ ਡੰਗਰ ਦੀ ਮਹਿਕ ਚਮਾਹਲੀ ਵਿਚ ਵੀ ਪਹੁੰਚ ਜਾਂਦੀ। 'ਮੋਟਾ ਮਾਸ' ਖਾਣ ਦੇ ਸ਼ੌਕੀਨ ਆਣ ਟਪਕਦੇ। ਉਨ੍ਹਾਂ ਨੂੰ ਇਹ ਮਾਸ ਵੇਚ ਕੇ ਬਾਬਾ ਦਾਰੂ ਦਾ ਜੁਗਾੜ ਕਰ ਲੈਂਦਾ। ਸ਼ਾਮ ਨੂੰ ਆਪਣੇ ਸਾਥੀਆਂ ਨਾਲ ਮਾਸ ਭੁੰਨ ਕੇ ਖਾਂਦਾ, ਬੱਕਰੇ ਦੀ ਸਿਰੀ ਬਣਾਉਣ ਦਾ ਉਹ ਮਾਹਿਰ ਸੀ। ਆਲੇ-ਦੁਆਲੇ ਦੇ ਪਿੰਡਾਂ ਦੇ ਲੋਕੀ ਬਾਬੇ ਨੂੰ ਜਾਗਰ ਝੋਟਾ ਕਹਿੰਦੇ ਸੀ। ਝੋਟੇ ਜਿੰਨੀ ਤਾਂ ਉਹਦੇ ਵਿਚ ਜਾਨ ਸੀ। ਜਦੋਂ ਕੱਛਾ ਪਾ ਕੇ ਉਹ ਹੱਡਾ-ਰੋੜੀ 'ਚ ਮਰੇ ਡੰਗਰਾਂ ਦੀ ਖ਼ੱਲ ਲਾਹੁਦਾ ਸੀ ਤਾਂ ਦੂਰੋਂ ਉਹਦਾ ਕਾਲੇ ਰੰਗ ਦਾ ਸਰੀਰ ਝੋਟੇ ਵਰਗਾ ਲੱਗਦਾ ਸੀ। ਰੇਹੜੀ 'ਤੇ ਵੱਡਾ ਡੰਗਰ ਵੀ ਇਕੱਲਾ ਲੱਦ ਕੇ ਅਸਾਨੀ ਨਾਲ ਦਸ-ਦਸ ਮੀਲ ਤੋਂ ਖਿੱਚ ਲਿਆਉਂਦਾ ਸੀ। ਜਾਗਰ ਦੀ ਭਲਵਾਨੀ ਵੀ ਨੇੜੇ-ਤੇੜੇ ਦੇ ਪੱਚੀ-ਤੀਹ ਪਿੰਡਾਂ ਵਿਚ ਮਸ਼ਹੂਰ ਸੀ। ਕੋਈ ਵੀ ਭਲਵਾਨ ਉਹਦੀ ਪਿੱਠ ਨਹੀਂ ਸੀ ਲਾ ਸਕਿਆ। ਜ਼ਿਮੀਦਾਰਾਂ ਦਾ ਕੋਈ ਭਲਵਾਨ ਉਹਦੇ ਨਾਲ ਇਕ ਤਾਂ ਇਸ ਕਰਕੇ ਕੁਸ਼ਤੀ ਨਹੀਂ ਸੀ ਕਰਦਾ

ਕਿ ਉਹ ਮਰੇ ਡੰਗਰਾ ਦੀਆਂ ਖ਼ੱਲਾਂ ਲਾਹੁੰਦਾ ਹੈ ਦੂਜਾ ਹਰ ਕੋਈ ਡਰਦਾ ਸੀ ਕਿ ਕਿਤੇ ਜੇ ਜਾਗਰ ਨੇ ਢਾਹ ਲਿਆ ਤਾਂ ਨੱਕ ਕੱਟਿਆ ਜਾਊ। ਇਲਾਕੇ ਵਿਚ ਮੂੰਹ ਦਿਖਾਉਣ ਜੋਗਾ ਨਹੀਂ ਰਹੂਗਾ... ਲੋਕ ਕਹਿਣਗੇ ਲੈ ਵੱਡਾ ਸਰਦਾਰ ਨਿੱਕੀ-ਸੁੱਕੀ ਜਾਤ ਦੇ ਭਲਵਾਨ ਤੋਂ ਪਿੱਠ ਲਵਾ ਬੈਠਾ। ਜਦੋਂ ਕੰਮ ਦਾ ਜ਼ੋਰ ਹੁੰਦਾ ਤਾਂ ਜਾਗਰ ਦਾ ਕੰਮ ਵਧ ਜਾਂਦਾ ਸੀ। ਉਹਨੇ ਆਪਣੀ ਚਮਾਹਲੀ ਦੇ ਹੋਰ ਭਰਾ ਵੀ ਡੰਗਰ ਚੁੱਕਣ ਲਾ ਲਏ ਸਨ। ਖ਼ੱਲਾਂ ਲਾਹ-ਲਾਹ ਕੇ ਉਹ ਹੱਡਾ-ਰੋੜੀ ਨਹੀਂ ਸੀ ਰੱਖਦਾ। ਰੋਜ਼ ਜਿੰਨੀਆਂ ਖ਼ੱਲਾਂ ਲੱਭਦੀਆਂ ਉਹ ਘਰ ਲੈ ਆਉਂਦਾ। ਡੰਗਰਾਂ ਦੇ ਬਾਕੀ ਪਿੰਜਰਾਂ ਨਾਲ ਲੱਗਾ ਮਾਸ ਕੁੱਤੇ ਅਤੇ ਇੱਲ੍ਹਾਂ ਖਾ-ਖਾ ਕੇ ਪੱਧਰੇ ਕਰ ਦਿੰਦੇ। ਮਹੀਨੇ 'ਚ ਮਰੇ ਡੰਗਰਾਂ ਦੇ ਪਿੰਜਰਾਂ ਦਾ ਢੇਰ ਲੱਗ ਜਾਂਦਾ। ਇਕ ਵਾਰ ਮੱਸਿਆ ਦੀ ਰਾਤ ਨੂੰ ਹੱਡਾ-ਰੋੜੀ 'ਚੋਂ ਡੰਗਰਾਂ ਦੀਆਂ ਹੱਡੀਆਂ ਵਾਲੇ ਪਿੰਜਰਾਂ ਦੀ ਚੋਰੀ ਹੋ ਗਈ ਪਤਾ ਨ੍ਹੀਂ ਕੋਈ ਭੇਤੀ ਰਾਤ ਨੂੰ ਰੇਹੜਿਆਂ 'ਤੇ ਲੱਦ ਕੇ ਸ਼ਹਿਰ ਕਾਰਖਾਨੇ ਲੈ ਗਿਆ। ਫੇ ਜਾਗਰ ਨੇ ਸੁੱਕੇ ਤੇ ਸਾਫ਼ ਹੱਡੀਆਂ ਤੇ ਪਿੰਜਰਾਂ ਨੂੰ ਆਪਣੇ ਘਰ ਦੀ ਪਛਾੜੀ ਰੱਖਣਾ ਸ਼ੁਰੂ ਕਰ ਦਿੱਤਾ। ਪਹਿਲਾਂ-ਪਹਿਲ ਤਾਂ ਚਮਾਹਲੀ ਦੇ ਲੋਕਾਂ ਨੂੰ ਕਹਿੰਦਾ ਰਿਹਾ ਕਿ ਕੱਲ੍ਹ ਨੂੰ ਚੁੱਕ ਲੈਣੇ... ਪਰਸੋਂ ਟੈਂਪੂ ਆ ਜੂ... ਦੋ ਚਾਰ ਦਿਨ ਰੁਕੋ, ਜਦੋਂ ਉਨ੍ਹਾਂ ਦਾ ਮੁਸ਼ਕ ਚਮਾਹਲੀ ਦੀਆਂ ਹੱਦਾ ਟੱਪ ਕੇ ਜ਼ਿਮੀਦਾਰਾਂ ਦੇ ਘਰਾਂ ਵੱਲ ਨੂੰ ਜਾਣ ਲੱਗਾ ਤਾਂ ਸਾਰੇ ਪਿੰਡ ਨੇ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ। ਜਾਗਰ ਬੜਾ ਖੁਣਸ਼ੀ ਸੀ ਉਹ ਅੜ ਗਿਆ। ਪੰਚਾਇਤਾਂ ਹੋਣ ਲੱਗ ਪਈਆਂ। ਜਦੋਂ ਉਹਦੇ ਭਾਈਚਾਰੇ ਨੇ ਵੀ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਤਾਂ ਜਾਗਰ ਦਾ ਮਨ ਜ਼ਹਿਰ ਨਾਲ ਭਰ ਗਿਆ। ਜ਼ਿਮੀਦਾਰਾਂ ਨੇ ਉਨ੍ਹਾਂ ਦੇ ਖੇਤਾਂ ਵਿਚ ਸੀਰੀ ਦਾ ਕੰਮ ਕਰਦੇ ਚਮਾਹਲੀ ਦੇ ਲੋਕਾਂ ਨੂੰ ਅੱਗੇ ਲਾ ਦਿੱਤਾ। ਤਾਂ ਜਾਗਰ ਇਕੱਲਾ ਪੈ ਗਿਆ। ਪਿੰਡ ਦੀ ਪੰਚਾਇਤ ਨੇ ਉਹਦਾ ਬਾਈਕਾਟ ਕਰ ਦਿੱਤਾ। ਉਹਦੀ ਹਾਲਤ ਫੱਟੜ ਸੱਪ ਵਰਗੀ ਹੋ-ਗਈ। ਉਹ ਲੋਕ ਜਿਹੜੇ ਚੋਰੀ- ਚੋਰੀ ਉਹਦੇ ਕੋਲੋਂ 'ਮਿਟਾ ਮਾਸ' ਵੀ ਲੈਣ ਆਉਂਦੇ ਸਨ, ਉਹ ਵੀ ਕਹਿਣ ਲੱਗ ਪਏ ਬਈ ਜਾਗਰ ਮੁਸ਼ਕ ਬਾਹਲਾ ਆਉਂਦਾ। ਜਾਗਰ ਹੁਣ ਪਿੰਡ ਦੀ ਹੱਡਾ-ਰੋੜੀ ਵਿਚ ਵੀ ਜਾਣਾ ਨਹੀਂ ਸੀ ਚਾਹੁੰਦਾ, ਉਹਨੇ ਪਿੰਡੋਂ ਵੀਹ ਕੋਹ ਦੂਰ ਰੋਹੀ ਬੀਆਬਾਨ ਰੇਤਲੇ ਟਿੱਬੇ 'ਤੇ ਥੋੜ੍ਹੀ ਜਿਹੀ ਜ਼ਮੀਨ ਖਰੀਦ ਲਈ। ਖਰੀਦ ਕਾਹਦੀ ਲਈ ਬਸ ਪਟਵਾਰੀ ਨੂੰ ਚਾਹ ਪਾਣੀ ਦੇ ਕੇ ਵੱਧ ਜ਼ਮੀਨ 'ਤੇ ਕਬਜ਼ਾ ਕਰ ਲਿਆ। ਉਦੋਂ ਰੱਕੜ ਬੀਆਬਾਨ 'ਚ ਕੌਣ ਪੁੱਛਦਾ ਸੀ। ਉਥੇ ਹੀ ਘਰ ਬਣਾ ਲਿਆ ਤੇ ਥੋੜ੍ਹਾ ਹਟ ਕੇ ਹੱਡ-ਰੋੜੀ ਬਣਾ ਲਈ ਨਾਲ ਲੱਗਦਾ ਬੋਰ ਕਰਾ ਕੇ ਨਲਕੇ ਲਾ ਲਏ। ਬੀਆਬਾਨ ਵਿਚ ਪਾਣੀ ਦੀਆਂ ਲੀਕਾਂ ਵਹਿਣ ਲੱਗੀਆਂ। ਪੂਰਾ ਇਲਾਕਾ ਕਿੱਕਰਾਂ, ਤੇ ਮਲ੍ਹੇ-ਝਾੜੀਆਂ ਨਾਲ ਭਰਿਆ ਪਿਆ ਸੀ। ਬੂਟਾ ਮੰਡੀ ਵੀ ਉਹਦੇ ਨੇੜੇ ਪੈਂਦੀ ਸੀ, ਜਿੱਥੇ ਉਹ ਖ਼ੱਲਾਂ ਵੇਚਣ ਜਾਂਦਾ ਸੀ। ਬੂਟਾ ਮੰਡੀ ਦੇ ਸੇਠ ਕੱਚੇ ਚਮੜੇ ਦੀ ਆੜ੍ਹਤ ਕਰਦੇ ਸੀ, ਪੂਰੇ ਪੰਜਾਬ ਤੋਂ ਲੋਕ ਏਥੇ ਚਮੜਾ ਲੈ ਕੇ ਆਉਂਦੇ ਸੀ। ਇਥੋਂ ਹੀ ਟਰੱਕਾਂ ਦੇ ਟਰੱਕ ਕਲਕੱਤੇ ਜਾਂਦੇ ਸੀ। ਜਾਗਰ ਦੇ ਦੇਖਦੇ ਹੀ ਦੇਖਦੇ ਕਲਕੱਤੇ ਵਾਂਗ ਇਥੇ ਵੀ ਚਮੜਾ ਰੰਗਣ ਦਾ ਕੰਮ ਸ਼ੁਰੂ ਹੋ ਗਿਆ। ਜਦੋਂ ਜਾਗਰ ਨੇ ਇਥੇ ਆਪਣਾ ਟਿਕਾਣਾ ਬਣਾਇਆ ਸੀ ਤਾਂ ਜਿੱਥੇ ਤੱਕ ਨਜ਼ਰ ਜਾਂਦੀ ਸੀ, ਮਲ੍ਹੇ-ਝਾੜੀਆਂ ਦਿਸਦੀਆਂ ਸਨ। ਉਸ ਦੇ ਨੇੜਿਓਂ ਦੀ ਰੇਤੇ ਨਾਲ ਭਰਿਆ ਇਕ ਕੱਚਾ ਰਸਤਾ ਲੰਘਦਾ ਸੀ। ਕੋਹ-ਕੋਹ 'ਤੇ ਲੱਗੀਆਂ ਬੁਰਜੀਆਂ ਹੀ ਇਸ ਰਾਹ ਦੀ ਨਿਸ਼ਾਨੀ ਸੀ। ਜਿਹੜਾ ਕਿ ਨਕੋਦਰੋਂ ਆਉਂਦਾ ਸੀ। ਭਾਪਾ ਕਹਿੰਦਾ ਹੁੰਦਾ ਸੀ ਕਿ ਸਾਨੂੰ ਬੀਆਬਾਨ ਵਿਚ ਬੜਾ ਡਰ ਲੱਗਦਾ ਸੀ। ਜਦੋਂ ਮਰੇ ਡੰਗਰ ਵਾਲੀ ਰੇਹੜੀ ਰੇਤੇ ਵਿਚ ਫਸ ਜਾਂਦੀ ਤਾਂ ਮਸਾਂ ਨਿਕਲਦੀ ਸੀ। ਬਾਬਾ ਕਦੇ-ਕਦੇ ਉਹ ਸਮਾਂ ਸੋਚ ਕੇ ਗੁੱਸੇ ਨਾਲ ਨੱਕ ਵਿਚੋਂ ਠੂੰਹੇ ਸੁੱਟਦਾ ਹੁੰਦਾ ਸੀ। ਪਰ ਉਹਦੇ ਤੋਂ ਬਿਨਾਂ ਇਲਾਕੇ ਵਿਚੋਂ ਡੰਗਰ ਚੁੱਕਣ ਦਾ ਕੋਈ ਹੌਸਲਾ ਨਹੀਂ ਸੀ ਕਰ ਸਕਿਆ, ਕਿਉਂਕਿ ਸਭ ਨੂੰ ਡਰ ਸੀ ਕਿ ਪਿੰਡਾਂ ਵਿਚ ਅਸੀਂ ਵੀ ਜਾਗਰ ਵਾਂਗ ਹਿਜਰਤ ਨਾ ਕਰ ਜਾਈਏ। ਉਹ ਖੇਤਾਂ 'ਚ ਦਿਹਾੜੀਦਾਰ ਬਣ ਕੇ ਰਹਿਣਾ



ਪਸੰਦ ਕਰਦੇ ਸਨ। ਫਿਰ ਬਾਬਾ ਜਾਗਰ ਵੀ ਬੂਟਾ ਮੰਡੀ ਤੋਂ ਚਮੜਾ ਰੰਗਣ ਦਾ ਕਿਸਬ ਸਿੱਖਣ ਲੱਗ ਪਿਆ ਸੀ। ਮੀਂਹਾਂ ਮੱਲ ਨੂੰ ਉਹ ਆਪਣਾ ਉਸਤਾਦ ਮੰਨਦਾ ਸੀ, ਉਹਦਾ ਗੋਤੀ ਵੀ ਸੀ। ਮੀਂਹਾਂ ਮੱਲ ਦਾ ਬੂਟਾ ਮੰਡੀ ਵਿਚ ਪਹਿਲਾਂ ਚਮੜਾ ਰੰਗਣ ਦਾ ਕਾਰਖਾਨਾ ਸੀ, ਉਹ ਕਲਕੱਤੇ 'ਤੋਂ ਚਮੜਾ ਰੰਗਣਾ ਸਿੱਖ ਕੇ ਆਇਆ ਸੀ। ਬਾਬਾ ਜਾਗਰ, ਮੀਂਹਾਂ ਮੱਲ ਬਾਰੇ ਦੱਸਦਾ ਹੁੰਦਾ ਸੀ ਕਿ ਕਿਵੇਂ ਕੱਚੀ ਖੱਲ ਨੂੰ ਪਹਿਲਾਂ ਲੂਣ ਲਾ ਕੇ ਤਿੰਨ-ਚਾਰ ਦਿਨ ਰੱਖਣਾ ਹੈ, ਫੇ ਉਹਦੇ 'ਤੇ ਚੂਨਾ ਭੁੱਕ ਕੇ ਖ਼ੱਲਾਂ ਦੀ ਤਹਿ ਵਿਛਾਈ ਜਾਣੀ ਹੈ ਇਹਦੇ ਨਾਲ ਖੱਲ ਦੇ ਰੋਮ ਖੁੱਲ੍ਹ ਜਾਂਦੇ ਆ ਫੇ ਕੱਚੀ ਕੂੰਨ ਵਿਚ ਇਹਨਾਂ ਨੂੰ ਪਾਉਣਾ ਹੈ। ਕੂੰਨਾਂ ਦੇ ਪਾਣੀ ਵਿਚ ਚੂਨਾ ਤੇ ਨਮਕ ਨਾਲ ਹਲਕਾ ਜਿਹਾ ਸ਼ੋਰਾ ਪਾਉਣਾ ਹੈ ਤਾਂ ਕਿ ਖੱਲ ਦੇ ਅੰਦਰਲਾ ਕੱਚਾ ਮਾਸ ਲਾਹੁਣ ਵਿਚ ਸੌਖ ਰਹੇ। ਰੰਬੀ ਕਿਵੇਂ ਟੇਢੀ ਕਰਕੇ ਫੇਰਨੀ ਐ, ਉਹ ਦੱਸਦਾ ਹੁੰਦਾ ਸੀ ਕਿ ਡੰਗਰ ਨਾਲੋਂ ਖੱਲ ਲਾਹੁਣ ਦਾ ਤਰੀਕਾ ਹੋਰ ਹੈ, ਖੱਲ ਦੀ ਸਫ਼ਾਈ ਕਰਨ ਦਾ ਤਰੀਕੇ ਬੜੀ ਕਾਰੀਗਰੀ ਦਾ ਹੈ। ਮਾੜੀ ਜਿਹੀ ਅਣਗਹਿਲੀ ਨਾਲ ਰੰਬੀ ਨਾਲ ਟੱਕ ਪੈ ਸਕਦਾ ਹੈ ਕਿਉਂਕਿ ਖੱਲ ਬੜੀ ਨਰਮ ਹੋ ਜਾਂਦੀ ਹੈ। ਇਕ ਵਾਰੀ ਐਦਾਂ ਹੀ ਮੇਰਾ ਧਿਆਨ ਹੋਰ ਪਾਸੇ ਚਲੇ ਗਿਆ ਸੀ ਤੇ ਖੱਲ 'ਤੇ ਰੰਬੀ ਦਾ ਨਿਸ਼ਾਨ ਪੈ ਗਿਆ ਸੀ ਤੇ ਮੀਂਹੇਂ ਨੇ ਮੈਨੂੰ ਧੌਣੋਂ ਫੜ ਕੇ ਮੇਰੇ ਸਿਰ ਪੰਜ-ਛੇ ਵਾਰੀ ਕੂੰਨਾਂ ਦੇ ਪਾਣੀ 'ਚ ਡੋਬਿਆ ਸੀ। ਹਰ ਕੰਮ ਉਸਤਾਦਾਂ ਦੀ ਮਾਰ ਖਾ ਕੇ ਆਉਂਦਾ। ਮੀਂਹੇਂ ਮੱਲ ਦੇ ਹੱਥ ਵਿਚ ਰੰਬੀ ਹੁੰਦੀ, ਮੂੰਹ ਵਿਚ ਹੁੱਕੇ ਦੀ ਨੜੀ... ਉਹ ਵਿਚ ਵਿਚ ਗੱਲਾਂ ਵੀ ਕਰੀ ਜਾਂਦਾ... ਰੰਬੀ ਨਾਲ ਖੱਲ ਦਾ ਓਪਰਾ ਮਾਸ ਵੀ ਲਾਹੀ ਜਾਂਦਾ ਤੇ ਹੁੱਕੇ ਦਾ ਘੁੱਟ ਵੀ ਖਿੱਚੀ ਜਾਂਦਾ... ਤਿੰਨਾਂ ਕੰਮਾਂ ਵਿਚ ਉਹਦੀ ਪਕੜ ਦੇਖ ਕੇ ਓਪਰਾ ਬੰਦਾ ਹੈਰਾਨ ਹੋ ਜਾਂਦਾ। ਜਦੋਂ ਬਾਬੇ ਨੇ ਇਥੇ ਜਾਣੀ ਕਿ ਪਿੰਡ ਧਰਮਪੁਰੇ ਚਮੜਾ ਰੰਗਣ ਦਾ ਕੰਮ ਸ਼ੁਰੂ ਕਰ ਲਿਆ ਸੀ ਤਾਂ ਉਸ ਨੇ ਇਲਾਕੇ ਦੇ ਪਿੰਡਾਂ ਵਿਚੋਂ ਮਰੇ ਡੰਗਰ ਚੁੱਕਣ ਤੋਂ ਤੌਬਾ ਕਰ ਲਈ ਸੀ। ਤੇ ਫਿਰ ਵਿਰਲੇ-ਵਿਰਲੇ ਪਿੰਡਾਂ 'ਚੋਂ ਚਮਾਰ ਡੰਗਰ ਚੁੱਕਣ ਦਾ ਕੰਮ ਕਰਨ ਲੱਗ ਪਏ ਸਨ। ਬਾਬੇ ਨੇ ਜਦੋਂ ਚਮੜਾ ਰੰਗਣਾ ਸ਼ੁਰੂ ਕੀਤਾ ਸੀ ਤਾਂ ਉਹਦੇ ਕੋਲ ਵਾਹਵਾ ਪੈਸੇ ਆਉਣ ਲੱਗ ਪਏ ਸਨ। ਉਹਨੇ ਆਪਣੇ ਸੱਤੇ ਮੁੰਡੇ ਏਸ ਕੰਮ ਲਾ ਦਿੱਤੇ ਸਨ। ਸਾਲ ਵਿਚ ਹੀ ਸਾਡਾ ਕਾਰਖਾਨਾ ਪੰਜਾਹ ਕੂੰਨਾਂ ਤੱਕ ਪਹੁੰਚ ਗਿਆ ਸੀ। ਬਾਬੇ ਨੇ ਆਲੇ ਦੁਆਲੇ ਦੇ ਪਿੰਡਾਂ ਵਿਚੋਂ ਚਮਾਹਲੀ ਦੇ ਮੁੰਡੇ ਲੱਭ-ਲੱਭ ਕੇ ਚਮੜਾ ਰੰਗਣ ਦੇ ਕੰਮ ਵਿਚ ਲਾ ਲਏ ਸਨ। ਇਸ ਲਈ ਬਾਬੇ ਨੂੰ ਕਾਫੀ ਮਿਹਨਤ ਕਰਨੀ ਪਈ ਸੀ। ਪਿੰਡਾਂ ਵਿਚ ਜੱਟਾਂ ਦਾ ਸੀਰਪੁਣਾ ਛੱਡ ਕੇ ਚੰਮ ਰੰਗਣ ਨੂੰ ਲੋਕ ਰਾਜ਼ੀ ਨਹੀਂ ਸਨ। ਬਾਬਾ ਉਨ੍ਹਾਂ ਨੂੰ ਕਹਿੰਦਾ ਸੀ, ਓਏ ਮੂਰਖੋ ਸਾਰੀ ਉਮਰ ਤੁਸੀਂ ਜ਼ਿਮੀਦਾਰਾਂ ਦੇ ਥੱਲੇ ਲੱਗ ਕੇ ਹੀ ਰਹਿਣਾ। ਇਹ ਤਾਂ ਨਿਰੀ ਗੁਲਾਮੀ ਆ। ਦਿਨ ਰਾਤ ਖੇਤਾਂ ਵਿਚ ਡੰਗਰਾਂ ਵਾਂਗ ਕੰਮ ਕਰਦੇ ਹੋ ਤੇ ਮਸਾਂ ਹੀ ਦੋ ਡੰਗ ਦੀ ਰੋਟੀ ਮਿਲਦੀ ਆ। ਉੱਤੋਂ ਉਨ੍ਹਾਂ ਦੇ ਕਰਜ਼ਾਈ। ਆਓ ਆਪਣਾ ਕੰਮ ਕਰੋ... ਇਸ ਕੰਮ 'ਚ ਕਮਾਈ ਆ... ਕੱਲ੍ਹ ਨੂੰ ਤੁਸੀਂ ਖੁਦ ਕਾਰਖਾਨੇ ਲਾ ਲਓ ਭਾਵੇਂ... ਤੇ ਬਾਬੇ ਦੀਆਂ ਗੱਲਾਂ ਸੁਣ ਕੇ ਕਈ ਮੁੰਡੇ ਤਿਆਰ ਹੋ ਗਏ। ਬਾਬੇ ਨੇ ਬੜੀ ਮਿਹਨਤ ਨਾਲ ਉਨ੍ਹਾਂ ਨੂੰ ਚਮੜਾ ਰੰਗਣਾ ਸਿਖਾਇਆ। ਹੌਲੀ-ਹੌਲੀ ਇਨ੍ਹਾਂ ਮੁੰਡਿਆਂ ਨੇ ਕੱਚੇ ਰਾਹ ਦੇ ਆਲੇ-ਦੁਆਲੇ ਘਰ ਪਾ ਲਏ। ਬਾਬਾ, ਮੁੰਡਿਆਂ ਦੀ ਮਦਦ ਨਾਲ ਵਿਹਲੇ ਸਮੇਂ ਕੱਚੇ ਰਾਹ ਦੇ ਆਲੇ-ਦੁਆਲੇ ਕਿੱਕਰਾਂ ਲਾਉਣ ਲੱਗ ਪਿਆ। ਕਿੱਕਰਾਂ ਲਾਉਂਦਾ ਉਹ ਅਕਸਰ ਕਹਿੰਦਾ ਸੀ, "ਓਏ ਮੁੰਡਿਓ! ਇਹ ਕਿੱਕਰਾਂ ਇਕ ਤਾਂ ਏਸ ਟਿੱਬੇ ਨੂੰ ਸਵਰਗ ਬਣਾਉਣਗੀਆਂ ਦੂਜਾ ਇਨ੍ਹਾਂ ਦਾ ਸੱਕ ਚਮੜਾ ਰੰਗਣ ਦੇ ਕੰਮ ਆਊਗਾ। ਮੇਰੇ ਨਹੀਂ ਤਾਂ ਤੁਹਾਡੇ ਕੰਮ ਤਾਂ ਜ਼ਰੂਰ ਆਊਗਾ। ਇਸ ਉਜਾੜ ਵਿਚ ਤੁਸੀਂ ਐਨੀਆਂ ਕਿੱਕਰਾਂ ਲਾ ਦਿਓ ਬਈ ਤੁਹਾਡੀਆਂ ਪੰਜ ਪੀੜ੍ਹੀਆਂ ਨੂੰ ਬਾਹਰੋਂ ਕਿੱਕਰ ਦਾ ਸੱਕ ਲਿਆਉਣ ਦੀ ਲੋੜ ਨਾ ਪਏ। ਇਹ ਸਾਰਾ ਬੀਆਬਾਨ ਚਮੜਾ ਰੰਗਣ ਵਾਲੇ ਕਲਕੱਤੇ ਤੋਂ ਵੱਡਾ ਇਲਾਕਾ ਬਣ ਜਾਵੇ। ਪੁੱਤਰੋ ਅਜਿਹਾ ਮੇਰਾ ਸੁਪਨਾ ਆ। ਤੁਸੀਂ ਇਸ ਕੰਮ ਵਿਚ ਐਨੀ ਮੁਹਾਰਤ ਹਾਸਲ

ਕਰ ਜਾਵੇ ਕਿ ਤੁਸੀਂ ਬੂਟਾ ਮੰਡੀ ਦੇ ਸੇਠਾਂ ਵਾਂਗ ਸਰਮਾਏਦਾਰ ਬਣ ਜਾਵੋ। ਫੇ ਤੁਹਾਡੇ ਕੋਲ ਵਿਦਿਆ ਆਵੇਗੀ, ਤੁਹਾਡੀ ਅਗਲੀ ਪੀੜ੍ਹੀ ਪੜ੍ਹੇਗੀ, ਨੌਕਰੀਆਂ 'ਤੇ ਲੱਗੇਗੀ, ਇਨ੍ਹਾਂ ਵਿਚੋਂ ਹੀ ਅਫ਼ਸਰ ਬਣਨਗੇ... ਕੋਈ ਲੀਡਰ ਬਣਨਗੇ। ਤੁਹਾਡੀ ਉਪਰ ਤੱਕ ਗੱਲ ਹੋਵੇਗੀ। ਉਦੋਂ ਬਾਬੇ ਨੇ ਆਪਣੇ ਹੱਥੀਂ ਕੰਮ ਕਰਨਾ ਛੱਡ ਦਿੱਤਾ ਸੀ। ਉਹ ਕੁੰਨਾਂ ਲਾਗੇ ਬਰਾਂਡੇ ਵਿਚ ਬੈਠਾ ਹੁੱਕਾ ਪੀਂਦਾ ਤੇ ਮੁੰਡਿਆਂ ਨੂੰ ਚਮ ਰੰਗਣ ਦੇ ਗੁਰ ਦੱਸਦਾ। ਹਰ ਕੋਈ ਉਹਦੇ ਪੈਰੀਂ ਹੱਥ ਲਾਉਂਦਾ ਤੇ ਉਹਦੇ ਹੁੱਕੇ ਦਾ ਕਸ਼ ਖਿਚਣ ਲਈ ਤਰਸਦਾ। ਉਹਦਾ ਪਿੱਤਲ ਦਾ ਹੁੱਕਾ ਸੂਰਜ ਦੀ ਲਿਸ਼ਕੋਰ ਨਾਲ ਚਮਕਦਾ। ਆਪਣੇ ਕਾਰਖਾਨੇ ਵਿਚ ਕੰਮ ਕਰਦੇ ਮੁੰਡਿਆਂ ਨੂੰ ਆਪਣੇ-ਆਪਣੇ ਪੰਜ-ਪੰਜ ਕੁੰਨਾਂ ਦੇ ਛੋਟੇ-ਛੋਟੇ ਕਾਰਖਾਨੇ ਲਾਉਣ ਲਈ ਕਹਿੰਦਾ ਰਹਿੰਦਾ। ਬਾਬੇ ਦਾ ਸੁਪਨੇ ਸੀ ਕਿ ਮੇਰੀ ਕੁੱਲ ਦੇ ਭਾਈ ਭਰਾ, ਮੇਰੇ ਬੱਚੇ ਅਜ਼ਾਦ ਹੋ ਕੇ ਕੰਮ ਕਰਨ ਤੇ ਖੁਸ਼ਹਾਲ ਹੋਣ। ਫੇਰ ਉਦੋਂ ਕੁ ਹੀ ਨੇੜੇ ਦੇ ਹੋਰ ਪਿੰਡਾਂ ਧਨਾਲ, ਫੂਲਪੁਰ, ਸਮਰਾਵਾਂ, ਬਾਜੜਾ, ਸੰਮੀਪੁਰ, ਖਾਂਬਰਾ, ਲਾਂਬੜਾ, ਕੰਗਾ ਵਰਗੇ ਪਿੰਡਾਂ ਵਿਚੋਂ ਮਰੇ ਡੰਗਰਾਂ ਦੀਆਂ ਖੱਲਾਂ ਜਾਗਰ ਕੋਲ ਵੇਚਣ ਆਉਣ ਵਾਲੇ ਉਹਦੇ ਸਾਥੀਆਂ ਨੇ ਬਾਬੇ ਦੇ ਨੇੜੇ ਜ਼ਮੀਨਾਂ ਸਸਤੇ ਭਾਅ ਖਰੀਦ ਲਈਆਂ। ਅਸਲ ਵਿਚ ਬਾਬੇ ਨੇ ਹੀ ਉਨ੍ਹਾਂ ਨੂੰ ਉਤਸ਼ਾਹ ਦਿੱਤਾ ਸੀ। ਬਾਬਾ ਕਹਿੰਦਾ ਹੁੰਦਾ ਸੀ, "ਓਏ ਮੈਂ ਚਹੁੰਨਾ ਬਈ ਮੇਰੇ ਭਾਈ ਭਰਾ ਜਾਤ-ਪਾਤ ਤੇ ਜ਼ਿਮੀਦਾਰਾਂ ਦੀ ਜਕੜ 'ਚੋਂ ਨਿਕਲਣ ਤੇ ਪੈਸੇ ਵਾਲੇ ਬਣਨ। ਪੁੱਤਰੋ ਪੈਸੇ ਨਾਲ ਸਾਡੇ ਲੋਕ ਖੁਸ਼ਹਾਲ ਹੋਣਗੇ। ਪੈਸਾ ਹੋਵੇਗਾ ਤਾਂ ਸਾਰੇ ਸਾਡੀ ਇੱਜ਼ਤ ਕਰਨਗੇ। ਭਾਵੇਂ ਕਿ ਮੇਰੇ ਆਪਣੇ ਭਰਾਵਾਂ ਨੇ ਮੈਨੂੰ ਪਿੰਡੋਂ ਬੇਦਖਲ ਕਰਨ ਵਿਚ ਪਹਿਲ ਕੀਤੀ, ਪਰ ਮੈਂ ਉਨ੍ਹਾਂ ਦੇ ਨਾਲ ਅਜੇ ਵੀ ਖੜਾ ਹਾਂ। ਪਿੰਡਾਂ ਵਿਚ ਰਹਿ ਕੇ ਉਹ ਜਾਤੀ ਵਿਤਕਰੇ ਦੀ ਪੀੜਾ ਭੋਗਦੇ ਆ। ਮੈਂ ਕਹਿੰਦਾ ਓਏ ਇਲਾਕੇ ਦੇ ਚਮਾਰੋ! ਤੁਸੀਂ ਪਿੰਡੋਂ ਉਜੜ ਜਾਓ, ਤੁਹਾਨੂੰ ਇਹ ਜਾਤ-ਪਾਤ 'ਚ ਜਕੜੇ ਪਿੰਡ ਖਾ ਜਾਣਗੇ। 'ਆਓ ਤੁਸੀਂ ਆਪਣੇ ਗੁਰੂ ਦਾ ਸੁਪਨਾ ਪੂਰਾ ਕਰੋ... ਏਥੇ ਬੇਗਮਪੁਰਾ ਵਸਾਓ... ਧਰਮਪੁਰਾ ਵਸਾਓ।' ਉਦੋਂ ਕੁ ਹੀ ਆਦਿ ਧਰਮ ਦੇ ਪ੍ਰਚਾਰਕ ਬਾਬੇ ਕੋਲ ਆਉਣ ਲੱਗ ਪਏ ਸਨ। ਉਹ ਉਨ੍ਹਾਂ ਨੂੰ ਚੰਦਾ ਵੀ ਦਿੰਦਾ ਹੁੰਦਾ ਸੀ। ਤੇ ਉਹਨਾਂ ਨਾਲ ਗਿਆਨ ਗੋਸ਼ਟ ਸਾਰੀ ਸਾਰੀ ਰਾਤ ਕਰਦਾ ਹੁੰਦਾ ਸੀ। ਉਨ੍ਹਾਂ ਦੇ ਪ੍ਰਭਾਵ ਨਾਲ ਹੀ ਉਹ ਇਸ ਤਰ੍ਹਾਂ ਦੀਆਂ ਗੱਲਾਂ ਕਰਦਾ ਸੀ। ਉਹ ਆਪਣੇ ਚਮਾਰ ਭਰਾਵਾਂ ਨਾਲ ਹਮਦਰਦੀ ਕਰਨ ਲੱਗ ਪਿਆ ਸੀ। ਫਿਰ ਕੁਝ ਸਾਲਾਂ ਵਿਚ ਹੀ ਵੱਖ-ਵੱਖ ਪਿੰਡਾਂ ਤੋਂ ਮਰੇ ਡੰਗਰਾਂ ਦੀਆਂ ਖ਼ੱਲਾਂ ਲਾਹੁਣ ਵਾਲੇ ਉੱਠ ਕੇ ਇਸ ਕੱਚੇ ਰਾਹ ਦੇ ਆਲੇ-ਦੁਆਲੇ ਬੈਠ ਗਏ ਸਨ। ਬਾਅਦ ਵਿਚ ਜਿਹੜਾ ਕਿ ਨਿਰੋਲ ਚਮਾਰਾਂ ਦਾ ਪਿੰਡ ਬਣ ਗਿਆ ਸੀ। ਇਕ ਦਿਨ ਆਦਿ ਧਰਮ ਮੰਡਲ ਦਾ ਪ੍ਰਚਾਰਕ ਬਾਬੇ ਕੋਲ ਆਇਆ ਸੀ। ਉਹਦੀ ਸਲਾਹ 'ਤੇ ਹੀ ਬਾਬੇ ਨੇ ਦੂਜੇ ਦਿਨ ਸਾਰੇ ਭਾਈ ਭਰਾਵਾਂ ਨੂੰ 'ਕੱਠੇ ਕਰਕੇ ਲੱਕੜ ਦੇ ਫੱਟੇ 'ਤੇ ਕਾਲੇ ਰੰਗ ਨਾਲ 'ਧਰਮਪੁਰਾ' ਲਿਖ ਕੇ ਪਿੰਡ ਦਾ ਨਾਂ ਰੱਖ ਦਿੱਤਾ ਸੀ। ਤੇ ਤਖਤੀ ਕੱਚੇ ਰਾਹ 'ਤੇ ਗੱਡ ਦਿੱਤੀ ਸੀ। ਉਦੋਂ ਤੋਂ ਪਿੰਡ ਦਾ ਨਾਂ ਧਰਮਪੁਰਾ ਪੈ ਗਿਆ ਸੀ।

"ਫੁਰਤੀ ਕਰੋ ਬਈ ਜਵਾਨੋ ਮੈਂ ਬਾਵਿਆਂ ਦੀ ਫੈਕਟਰੀ ਤੋਂ ਪੱਕੇ ਚਮੜੇ ਦਾ ਗੇੜਾ ਭਰਨਾ। ਤੁਸੀਂ ਤਾਂ ਤਪਹਿਰਾ ਕਰ 'ਤਾ।" ਚਾਹ ਦਾ ਆਖਰੀ ਘੁੱਟ ਭਰਦਿਆਂ ਡਰਾਇਵਰ ਮੂੰਹ 'ਤੇ ਪਰਨਾ ਫੇਰਦਾ ਉੱਠ ਪਿਆ ਸੀ। ਮੇਰਾ ਧਿਆਨ ਧਰਮਪੁਰੇ ਨਾਲੋਂ ਟੁੱਟ ਕੇ ਮੁੜ ਖ਼ੱਲਾਂ ਲੱਥਦੀਆਂ ਵੱਲ ਚਲਿਆ ਗਿਆ ਸੀ। ਮੈਂ ਉੱਠ ਕੇ ਗਿਣਤੀ ਕਰਦੇ ਲੇਬਰ ਦੇ ਬੰਦੇ ਕੋਲ ਤੁਰ ਪਿਆ ਸੀ। ਪਰ ਮੇਰੇ ਦਿਮਾਗ਼ 'ਚ ਡਰਾਇਵਰ ਦਾ ਬੋਲਿਆ ਸ਼ਬਦ ਬਾਵਿਆਂ ਦੀ ਫੈਕਟਰੀ ਫਸ ਗਿਆ ਸੀ। ਭਾਪਾ ਦੱਸਦਾ ਹੁੰਦਾ ਸੀ ਕਿ ਇਨ੍ਹਾਂ ਬਾਵਿਆਂ ਦਾ ਪਿਓ ਬੂਟਾ ਮੰਡੀ ਸਿਰ 'ਤੇ ਰੰਗਿਆ ਹੋਇਆ ਚੰਮ ਢੁੱਕਦਾ ਹੁੰਦਾ ਸੀ, ਵੇਖ ਲੈ ਅੱਜ ਫੈਕਟਰੀਆਂ ਦੇ ਮਾਲਕ ਆ, ਇਹਨੂੰ ਕਹਿੰਦੇ ਆ, ਕੁਦਰਤ ਦੇ ਰੰਗ!! ਅਜੇ ਕੱਲ੍ਹ ਦੀ ਤਾਂ ਗੱਲ ਹੈ। ਮੇਰੇ ਪਿੰਡ ਦਾ ਵਿਜੈ ਸਾਗਰ



ਜਿਹੜਾ ਐਨ. ਕੇ. ਵਰਮਾ ਟੈਂਟਰੀਜ਼ 'ਚ ਫੋਰਮੈਨੀ ਦਾ ਕੰਮ ਕਰਦਾ ਹੈ ਤੇ ਜਿਸ ਨੇ ਮੈਨੂੰ ਵੀ ਇਥੇ ਇਸ ਫੈਕਟਰੀ ਵਿਚ ਲਵਾਇਆ ਸੀ, ਮਿਲ ਪਿਆ। ਉਹ ਮੇਰੇ ਤੋਂ ਛੋਟੇ ਥਾਂ ਹੈ ਤੇ ਮੈਨੂੰ ਚਾਚਾ ਕਹਿੰਦਾ ਹੈ। ਛੁੱਟੀ ਹੋਈ ਤਾਂ ਅਸੀਂ ਚਮੜਾ ਨਗਰ ਦੇ ਨਾਲ ਹੀ ਠੇਕੇ ਦੇ ਹਾਤੇ 'ਚ ਜਾ ਬੈਠੇ। ਪਹਿਲਾ ਪੈੱਗ ਅੰਦਰ ਜਾਂਦਿਆਂ ਹੀ ਉਸ ਨੇ ਅੰਦਰੋਂ ਤੇਜ਼ਾਬ ਦੀ ਪਿਚਕਾਰੀ ਮੇਰੇ ਮੂੰਹ 'ਤੇ ਮਾਰੀ, "ਚਾਚਾ ਮੈਨੂੰ ਸਮਝ ਨ੍ਹੀਂ ਲੱਗੀ ਬਈ ਸਾਰੇ ਹੀ ਵਰਮੇ... ਸ਼ਰਮੇ... ਵੇਦੀ.... ਤ੍ਰਿਵੇਦੀ... ਚਤੁਰਵੇਦੀ, ਅਗਰਵਾਲ, ਚੋਪੜੇ, ਭੰਡਾਰੀ... ਬਾਵਿਆਂ ਵਰਗੀਆਂ, ਸਾਨੂੰ ਸਦੀਆਂ ਤੋਂ ਨਫ਼ਰਤ ਕਰਨ ਵਾਲੀਆਂ ਕੌਮਾਂ ਨੇ ਸਾਡੇ ਪਿਓ ਦਾਦਿਆਂ ਦਾ ਕੰਮ ਕਿਵੇਂ ਸਾਂਭ ਲਿਆ। ਇਹ ਲੋਕ ਇਸ ਕੰਮ ਨੂੰ ਨੀਚ ਸਮਝਦੇ ਸਨ। ਘਟੀਆ ਮੰਨਦੇ ਸਨ। ਸਾਨੂੰ ਨਫ਼ਰਤ ਕਰਦੇ ਸਨ।"

ਮੋਟਾ ਜਿਹਾ ਪੈੱਗ ਅੰਦਰ ਪਹੁੰਚਦਿਆਂ ਹੀ ਮੇਰੇ ਅੰਦਰ ਬੈਠਾ ਡਰੂ ਜਿਹਾ ਚਮਾਰ ਸ਼ੇਰ ਬਣ ਗਿਆ, ਪਿਆਜ਼ ਦਾ ਕਰਾਰਾ ਟੁਕੜਾ ਮੂੰਹ ਵਿਚ ਪਾਉਂਦਿਆਂ ਮੈਂ ਕਹਿਣ ਲੱਗਾ, "ਸ਼ੇਰਾ ਗੱਲ ਤੇਰੀ ਸੋਲਾਂ ਆਨੇ ਸੱਚੀ ਆ, ਜਦੋਂ ਮੇਰੇ ਬਾਬੇ ਜਾਣੀ ਕਿ ਜਾਗਰ ਮੱਲ ਨੂੰ ਪਿੰਡ ਦੇ ਜ਼ਿਮੀਦਾਰਾਂ ਤੇ ਉਨ੍ਹਾਂ ਦੇ ਖੇਤਾਂ 'ਚ ਸੀਰੀ ਦਾ ਕੰਮ ਕਰਦੇ ਚਮਾਰਾਂ ਨੇ ਪਿੰਡ 'ਚੋਂ ਇਸ ਲਈ ਕੱਢਿਆ ਸੀ ਬਈ ਬਾਬਾ ਉਨ੍ਹਾਂ ਦੀ ਸਮਝ ਅਨੁਸਾਰ ਨੀਚ ਤੇ ਘਟੀਆ ਕੰਮ ਕਰਦਾ ਸੀ, ਮਰੇ ਡੰਗਰਾਂ ਨੂੰ ਚੁੱਕਣਾ, ਉਨ੍ਹਾਂ ਦਾ ਮਾਸ ਖਾਣਾ, ਚੰਮ ਦਾ ਕੋਈ ਵੀ ਕੰਮ ਕਰਨਾ ਨੀਚ ਸਮਝਿਆ ਜਾਂਦਾ ਸੀ। ਉਦੋਂ ਹਾਲਾਤ ਹੋਰ ਸਨ। ਫੇ ਉਹ ਰੇਤੇ ਦੇ ਟਿੱਬਿਆਂ 'ਚ 'ਕੱਲਾ ਆ ਬੈਠਾ, ਉਹਨੇ ਉਥੇ ਕੰਮ ਚਲਾ ਲਿਆ, ਸੇਠ ਬਣ ਗਿਆ, ਉਹਦੇ ਹੁਕਮ ਤੋਂ ਬਿਨਾਂ ਕਿਸੇ ਕੁੰਨ 'ਚ ਪਾਣੀ ਨ੍ਹੀਂ ਪੈਂਦਾ। ਉਹਨੇ ਜ਼ਿਮੀਦਾਰਾਂ ਦੇ ਖੇਤਾਂ ਵਿਚ ਕੰਮ ਕਰਕੇ ਸੀਰਪੁਣਾ ਨਹੀਂ ਕੀਤੀ, ਉਹਨੇ ਗੁਲਾਮੀ ਨਹੀਂ ਕੀਤੀ। ਉਹ ਕਹਿੰਦਾ ਸੀ ਮੈਨੂੰ ਕੌਣ ਗੁਲਾਮ ਬਣਾ ਲਊ, ਮੈਂ ਅਜ਼ਾਦ ਆ, ਇਹ ਕੰਮ ਮੇਰਾ ਆ, ਸਾਡੇ ਪੁਰਖਿਆਂ ਦਾ, ਇਹ ਰੱਬੀ ਮੈਂ ਆਪਣੇ ਗੁਰੂ ਕੋਲੋਂ ਲਈ ਆ। ਜੋ ਲੋਕੀ ਨਫ਼ਰਤ ਕਰਦੇ ਆ ਮੈਨੂੰ ਕਿਸੇ ਸ਼ਰੀਕ ਦੀ ਪਰਵਾਹ ਨਹੀਂ, ਮੈਂ ਹੱਕ ਦੀ ਰੋਟੀ ਖਾਂਦਾ, ਕੋਈ ਠੱਗੀ ਨਹੀਂ ਕਰਦਾ। ਦੂਰੋਂ ਸੁੱਟੀ ਬੁਰਕੀ 'ਤੇ ਮੈਂ ਧਾਰ ਨ੍ਹੀਂ ਮਾਰਦਾ, ਐਨਾ ਕੰਮ ਕੀਤਾ ਕਿ ਉਹ ਸੇਠ ਬਣ ਗਿਆ। ਸੈਂਕੜੇ ਲੋਕਾਂ ਲਈ ਉਹ ਰਾਹ-ਦਸੇਰਾ ਬਣਿਆ। ਹੋਰ ਲੋਕਾਂ ਕੋਲੋਂ ਕੰਮ ਕਰਾਉਣ ਲੱਗ ਪਿਆ। ਬਾਬੇ ਨੂੰ ਗੱਲਾਂ ਉਤਰਨ ਲੱਗ ਪਈਆਂ, ਚਿੱਟਾ ਕੁੜਤਾ ਪਾ ਕੇ ਉਹ ਸਾਨੂੰ ਮੱਤਾਂ ਦੇਣ ਲੱਗ ਪਿਆ। ਲੋਕਾਂ ਨੂੰ ਮੱਤਾਂ ਦੇਣ ਲੱਗ ਪਿਆ। ਰੇਤੇ ਦੇ ਟਿੱਬਿਆਂ 'ਚ 'ਕੱਲਾ ਆ ਬੈਠਾ, ਉਹਨੇ ਉਥੇ ਕੰਮ ਚਲਾ ਲਿਆ, ਸੇਠ ਬਣ ਗਿਆ। ਜ਼ਮੀਨਾਂ ਖਰੀਦ ਲਈਆਂ। ਬੂਟਾ ਮੰਡੀ ਦੇ ਸੇਠ ਚੰਮ ਦੇ ਵਪਾਰੀ ਬਣ ਕੇ ਕਰੋੜਪਤੀ ਬਣ ਗਏ। ਮਰੇ ਡੰਗਰਾਂ ਦੀਆਂ ਖ਼ੱਲਾਂ ਲਾਹੁਣੀਆਂ, ਉਨ੍ਹਾਂ ਨੂੰ ਰੰਗਣਾ ਤੇ ਅੱਗੇ ਜੁੱਤੀਆਂ ਬਣਵਾਉਣ ਦਾ ਕੰਮ ਸਾਡੇ ਲੋਕਾਂ ਨੂੰ ਸਾਡੇ ਬਾਪ-ਦਾਦਿਆਂ ਤੋਂ ਮਿਲਦਾ ਗਿਆਂ। ਅਸੀਂ ਹੱਥੀਂ ਇਹ ਕੰਮ ਕਰਦੇ ਸੀ। ਤੈਨੂੰ ਪਤੈ ਧਰਮਪੁਰੇ ਆ ਕੇ ਆਪਣੇ ਕੋਟੀਆਂ ਤੇ ਸਮਰਾਵਾਂ ਦੇ ਟੱਬਰਾਂ ਨੇ ਛਾਉਣੀ ਦੇ ਗੋਰੇ ਫ਼ੌਜੀਆਂ ਲਈ ਬੂਟ ਬਣਾਉਣੇ ਸ਼ੁਰੂ ਕਰ ਦਿੱਤੇ ਸੀ। ਕੁਝ ਸਾਲਾਂ 'ਚ ਹੀ ਉਨ੍ਹਾਂ ਕੋਲ ਵਾਹਵਾ ਪੈਸੇ ਆ ਗਏ। ਫੇ ਇਹ ਸਮਾਂ ਵੀ ਆਇਆ ਕਿ ਉਨ੍ਹਾਂ ਨੂੰ ਬੂਟ ਬਣਾਉਣ ਦਾ ਕੰਮ ਮਿਲਣਾ ਬੰਦ ਹੋ ਗਿਆ। ਫੇਰ ਉਹ ਬੂਟ ਫੈਕਟਰੀਆਂ ਲਈ ਬੂਟ ਬਣਾਉਣ ਲੱਗ ਪਏ। ਬੂਟ ਉਹ ਬਣਾਉਂਦੇ ਤੇ ਮਾਰਕੇ ਕੰਪਨੀ ਦੇ ਲਾ ਦਿੰਦੇ। ਹੁਣ ਆਪਣਾ ਪਿੰਡ ਦੇਖ ਲੈ ਉੱਜੜ ਗਿਆ। ਜਾਂ ਕਹਿ ਲਓ ਉਜਾੜ ਦਿੱਤਾ ਗਿਆ। ਸਰਕਾਰਾਂ ਦੀਆਂ ਚਾਲਾਂ ਨੇ ਸਾਰਾ ਕੰਮ ਬੰਦ ਕਰਾ ਦਿੱਤਾ। ਬੂਟਾ ਮੰਡੀ ਦੇ ਕਾਰਖਾਨੇ ਜਦੋਂ ਬੰਦ ਹੋਏ ਨਾਲ ਹੀ ਸਾਡੇ ਪਿੰਡ ਵਿਚ ਉਜਾੜ ਪੈਣ ਲੱਗ ਪਈ। ਕੁੰਨਾਂ ਦਾ ਪਾਣੀ ਸੁੱਕ ਗਿਆ। ਪਿੰਡ ਵਿਚੋਂ ਕੱਚੇ ਚਮੜੇ ਦੀ ਮਹਿਕ ਮੁੱਕ ਗਈ। ਇਸ ਮਹਿਕ ਨੇ ਕਿੰਨੇ ਘਰਾਂ ਵਿਚ ਦੀਵੇ ਜਗਾਏ। ਕਿੰਨੇ ਘਰਾਂ ਵਿਚ ਰੌਸ਼ਨੀ ਕੀਤੀ। ਕਿੰਨੇ ਹੀ ਘਰਾਂ ਦੇ ਭੁੱਖੇ ਢਿੱਡਾਂ ਨੂੰ ਰਿਜ਼ਕ ਦਿੱਤਾ। ਅਸੀਂ ਸਾਰੇ

ਸਕੂਲ ਵਿਚ ਜਾ ਕੇ ਵਿੱਦਿਆ ਦੀ ਰੌਸ਼ਨੀ ਲੈਣ ਲੱਗ ਪਏ। ਜਦੋਂ ਅਸੀਂ ਪੜ੍ਹ ਗਏ ਤਾਂ ਕੁੰਨਾਂ ਨੂੰ ਨਫ਼ਰਤ ਕਰਨ ਲੱਗ ਪਏ। ਸਾਡਾ ਰਹਿਣ-ਸਹਿਣ ਬਦਲ ਗਿਆ, ਸਾਡਾ ਬੈਠਣਾ ਬਦਲ ਗਿਆ। ਕੁੰਨਾਂ ਦੇ ਪਾਣੀ ਨਾਲ ਬਾਪ-ਦਾਦਿਆਂ ਦੇ ਕਾਲ਼ੇ ਹੋਏ ਨੌਹਾਂ ਨੇ ਸਾਨੂੰ ਪਛਾਣ ਦਿੱਤੀ। ਜਦੋਂ ਸਕੂਲ ਜਾਣ ਲੱਗੇ ਤਾਂ ਅਸੀਂ ਤੇ ਤੁਹਾਡੀ ਉਮਰ ਦੇ ਮੁੰਡੇ ਇਸ ਕੰਮ ਨੂੰ ਮਾੜਾ ਸਮਝਣ ਲੱਗ ਪਏ। ਤੁਹਾਡੀ ਪੀੜ੍ਹੀ ਨੇ ਨਾ ਇਸ ਕੰਮ ਨੂੰ ਜਮਾ ਤਿਆਗ ਦਿੱਤਾ।" ਉਸੇ ਵੇਲੇ ਮੈਨੂੰ ਵਿਜੈ ਸਾਗਰ ਟੋਕਦਾ ਹੈ,

"ਨਹੀਂ ਨਹੀਂ ਚਾਚਾ ਇਹ ਗੱਲ ਨਹੀਂ ਗੰਦਗੀ ਤੇ ਪ੍ਰਦੂਸ਼ਣ ਦੇ ਨਾਂ 'ਤੇ ਸਰਕਾਰ ਨੇ ਇਹ ਕੰਮ ਸਾਡੇ ਤੋਂ ਖੋਹਿਆ। ਗੱਲ ਵਿਚੋਂ ਇਹ ਐ ਸੋਚਦੇ ਹੋਣਗੇ ਕਿ ਇਹ ਤਾਂ ਰੋਟੀ ਖਾਣ ਲੱਗ ਪਏ। ਸਾਡੇ ਬਰਾਬਰ ਹੋਣ ਲੱਗ ਪਏ। ਇਨ੍ਹਾਂ ਦੇ ਹੱਥਾਂ ਵਿਚੋਂ ਕਿਵੇਂ ਬੁਰਕੀ ਖੋਹਣੀ ਆ। ਇਹ ਤਾਂ ਇਨ੍ਹਾਂ ਨੂੰ ਪਤਾ ਹੀ ਹੈ। ਏਧਰ ਚਮੜਾ ਨਗਰ ਬਣਾ ਦਿੱਤਾ। ਪਲਾਟ ਕੱਟ ਦਿੱਤੇ। ਰੇਟ ਰੱਖ ਦਿੱਤੇ। ਉਧਰ ਉਨ੍ਹਾਂ ਨੇ ਚੰਮ ਰੰਗਣ ਵਾਲਾ ਗੰਦਾ ਪਾਣੀ ਛੱਪੜ 'ਚ ਪੈਣ ਤੋਂ ਰੋਕ ਦਿੱਤਾ। ਸਰਕਾਰ ਨੇ ਸਾਡੇ ਲੋਕਾਂ ਦੇ ਜਬਰੀ ਕੰਮ ਬੰਦ ਕਰਾ ਕੇ ਸਾਨੂੰ ਬੰਧੂਆ ਮਜ਼ਦੂਰ ਬਣਾ ਉਧਰ ਤੋਰ ਦਿੱਤਾ। ਕਈ ਤਾਂ ਘਰ ਬੈਠ ਗਏ। ਕਈਆਂ ਨੇ ਪਲਾਟ ਲੈ ਲਏ। ਕਈ ਹੋਰ ਕੰਮਾਂ ਵਿਚ ਪੈ ਗਏ। ਬੂਟਾ ਮੰਡੀ ਤੋਂ ਚਮੜਾ ਰੰਗਣ ਦਾ ਕੰਮ ਚੁੱਕ ਹੋਣ ਕਾਰਨ ਆਪਣੇ ਪਿੰਡ 'ਚ ਵੀ ਬੰਦ ਹੋਣ ਲੱਗ ਪਿਆ। ਆਪਣੇ ਪਿੰਡ ਦੇ ਚਾਮੜੀ ਬੂਟਾ ਮੰਡੀ ਹੀ ਚਮੜਾ ਵੇਚਦੇ ਸਨ। ਉਥੇ ਬੈਠੇ ਸੇਠ ਆਪਣੇ ਭਾਈ ਭਰਾ ਸਨ, ਜਿਸ ਕਾਰਨ ਉਹ ਮੁੱਲ ਠੀਕ ਠੀਕ ਲਾ ਦਿੰਦੇ ਸਨ।"

"ਨਹੀਂ ਭਤੀਜ ਆਪਣੇ ਲੋਕ ਤਾਂ ਇਹ ਕੰਮ ਛੱਡਣਾ ਚਾਹੁੰਦੇ ਸੀ। ਨਵੀਂ ਪੀੜ੍ਹੀ ਇਸ ਕੰਮ ਨੂੰ ਗੰਦਾ ਸਮਝਦੀ ਸੀ, ਕਿਉਂਕਿ ਇਸ ਕਰਕੇ ਹੀ ਉਹ ਸਕੂਲਾਂ, ਕਾਲਜਾਂ ਵਿਚ ਇਕੱਲੇ ਪੈ ਜਾਂਦੇ ਸਨ।" ਮੈਂ ਵਿਜੈ ਨੂੰ ਕਹਿੰਦਾ।

"ਨਹੀਂ ਚਾਚਾ ਗੱਲ ਇਹ ਵੀ ਹੈ ਕਿ ਸਾਡੇ ਲੋਕ ਜਿਹੜੇ ਰਵਾਇਤੀ ਵਸਤਾਂ ਨਾਲ ਚਮੜਾ ਰੰਗਦੇ ਸਨ, ਉਹਦਾ ਵਪਾਰੀ ਐਨਾ ਮੁੱਲ ਨਹੀਂ ਸੀ ਪਾਉਂਦਾ। ਸਾਡੇ ਪੁਰਖੇ ਚਮੜੇ ਦਾ ਰੰਗ ਲਾਲ ਕਰਨ ਲਈ ਲਾਖ ਦੀ ਵਰਤੋਂ ਕਰਦੇ ਸਨ। ਗੇਰੂਆ ਰੰਗ ਕਰਨ ਲਈ ਕਿੱਕਰ ਦੇ ਸੱਕ ਦੀ ਵਰਤੋਂ ਕਰਦੇ ਸਨ। ਭਤੀਜ ਖ਼ੱਲਾਂ ਨੂੰ ਮੂੰਜ ਨਾਲ ਸਿਉਂਦਿਆਂ ਉਨ੍ਹਾਂ ਨੂੰ ਸਤੀਰ ਨਾਲ ਲਟਕਾਉਂਦਿਆਂ ਟੁੱਕ ਲੱਗ ਜਾਂਦਾ ਸੀ, ਜਿਸ ਕਾਰਨ ਚਮੜੇ ਦੀ ਪੱਕੀ ਮੰਡੀ 'ਚ ਪੂਰਾ ਮੁੱਲ ਨਹੀਂ ਸੀ ਲੱਗਦਾ। ਕਿੱਕਰ ਦੇ ਸ਼ੱਕ ਨਾਲ ਚਮੜਾ ਰੰਗਣ ਵਿਚ ਸਮਾਂ ਬਹੁਤ ਲੱਗਦਾ ਸੀ। ਮਜ਼ੂਰੀ ਬਹੁਤ ਚੜ੍ਹ ਜਾਂਦੀ ਸੀ। ਕਈ-ਕਈ ਦਿਹਾੜੀਆਂ ਲੱਗ ਜਾਂਦੀਆਂ ਸਨ। ਬਾਬਾ ਰਾਜੂ ਮੱਲ ਹੁਣੀਂ ਕਹਿੰਦੇ ਹੁੰਦੇ ਸਨ ਕਿ ਕਲਕੱਤੇ ਮਸ਼ੀਨਾਂ ਆ ਗਈਆਂ ਚਮੜਾ ਰੰਗਣ ਤੇ ਕੱਟਣ ਵਾਲੀਆਂ। ਮਸ਼ੀਨਾਂ ਹੀ ਚਮੜਾ ਰੰਗਦੀਆਂ ਅਤੇ ਉਨ੍ਹਾਂ ਨੂੰ ਬੂਟਾਂ ਤੇ ਹੋਰ ਸਾਮਾਨ ਬਣਾਉਣ ਦੇ ਯੋਗ ਬਣਾਉਂਦੀਆਂ। ਹਰ ਰੰਗ ਦਾ ਮਸ਼ੀਨਾਂ ਚਮੜਾ ਰੰਗ ਦਿੰਦੀਆਂ। ਵੱਖ-ਵੱਖ ਚਮੜਿਆ ਦੀ ਵੰਡ ਕਰ ਦਿੱਤੀ।" ਦੇਸ਼-ਵਿਦੇਸ਼ ਇਸ ਚਮੜੇ ਦਾ ਮੁੱਲ ਵਧ ਗਿਆ। ਕੌਡੀਆਂ ਦੇ ਭਾਅ ਖਰੀਦੀਆਂ ਖੱਲਾਂ ਨੂੰ ਰੰਗ ਕੇ ਉੱਚੇ ਲੋਕ ਲੱਖਪਤੀ ਬਣ ਗਏ ਤੇ ਅਸੀਂ ਫੇ ਉਥੇ ਦੇ ਉਥੇ।" ਵਿਜੈ ਕਹਿੰਦਾ।

"ਜਦੋਂ ਕੁ ਸਰਕਾਰ ਨੇ ਚਮੜਾ ਰੰਗਣ ਵਾਲੇ ਵੱਖਰੇ ਕਾਰਖਾਨੇ ਲਾਉਣ ਨੂੰ ਪਲਾਟ ਦੇਣੇ ਸ਼ੁਰੂ ਕੀਤੇ ਤਾਂ ਉਹ ਉੱਚ ਜਾਤੀ ਦੇ ਲੋਕ ਜਿਹੜੇ ਮਰੇ ਡੰਗਰਾਂ ਨੂੰ ਹੱਥ ਲਾਉਣਾ ਭਿੱਟ ਸਮਝਦੇ ਸਨ, ਜਦੋਂ ਕਿਤੇ ਡੰਗਰ ਮਰ ਜਾਂਦਾ ਸੀ ਤਾਂ ਉਨ੍ਹਾਂ ਦੇ ਭਾਅ ਦੀ ਬਣ ਜਾਂਦੀ ਸੀ ਕਿ ਇਹਨੂੰ ਘਰੋਂ ਕਿਵੇਂ ਚੁਕਾਉਣਾ ਹੈ। ਉਨ੍ਹਾਂ ਲੋਕਾਂ ਨੇ ਚਮੜਾ ਨਗਰ ਵਿਚ ਚਮੜਾ ਰੰਗਣ ਦੇ ਕਾਰਖਾਨੇ ਲਾਉਣੇ ਸ਼ੁਰੂ ਕਰ ਦਿੱਤੇ। ਇਕੋ- ਇਕ ਸਾਡੇ ਹੱਥਾਂ ਵਿਚ ਜਮਾਂਦਰੂ ਕਿੱਤਾ ਸੀ ਉਹ ਵੀ ਇਨ੍ਹਾਂ ਲੋਕਾਂ ਨੇ ਖੋਹ ਲਿਆ। ਅਸਲ ਵਿਚ ਉਨ੍ਹਾਂ ਲੋਕਾਂ ਨੂੰ ਪਤਾ ਲੱਗ ਗਿਆ ਸੀ ਕਿ ਇਸ ਧੰਦੇ ਵਿਚ ਬਹੁਤ ਪੈਸਾ। ਉਦੋਂ ਚਮੜਾ ਰੰਗਣ ਦਾ ਕੰਮ ਮਸ਼ੀਨਾਂ ਰਾਹੀਂ



ਹੋਣ ਲੱਗ ਪਿਆ। ਜੇ ਏਥੇ ਮਸ਼ੀਨਾਂ ਰਾਹੀਂ ਕੰਮ ਹੋਣਾ ਸ਼ੁਰੂ ਨਾ ਹੁੰਦਾ ਤਾਂ ਭਲਾ ਇਹ ਲੋਕ ਇਹ ਕੰਮ ਕਰ ਸਕਦੇ ਸੀ? ਮਸ਼ੀਨਾਂ ਨੂੰ ਉਹ ਹੀ ਚਲਾ ਸਕਦਾ, ਜਿਹੜਾ ਪੜ੍ਹਿਆ ਹੋਇਆ ਹੋਵੇਗਾ। ਜਿਹਨੂੰ ਇਹਦਾ ਗਿਆਨ ਹੋਵੇਗਾ। ਮਸ਼ੀਨਾਂ ਹੁਣ ਆਪਣੇ ਪਿੰਡ ਦਾ ਫੱਜੂ ਮੱਲ ਥੋੜਾ ਚਲਾ ਸਕਦਾ, ਜਿਨਾਂ ਉੱਚੀ ਜਾਤੀ ਦੇ ਲੋਕਾਂ ਨੇ ਚਮੜੇ ਦੇ ਕਾਰਖਾਨੇ ਲਾਏ, ਉਨ੍ਹਾਂ ਦਾ ਵਪਾਰੀ ਦਿਮਾਗ਼ ਤਾਂ ਮੁੱਢ ਤੋਂ ਹੈ। ਸਾਡੀ ਕੌਮ ਤਾਂ ਕਿਰਤ ਕਰਨ ਵਾਲੀ, ਜਾਨ ਤੋੜਨ ਵਾਲੀ ਕੌਮ ਹੈ, ਦਿਮਾਗ਼ ਵੀ ਹੈ, ਪਰ ਦਿਮਾਗ਼ ਕਿਵੇਂ ਵਰਤਣਾ ਹੈ। ਇਹਦਾ ਪਤਾ ਨਹੀਂ ਸੀ। ਕਾਨਫੀਡੈਂਸ ਵੀ ਪੈਸੇ ਨਾਲ ਆਉਂਦਾ। ਡੰਗਰ ਆਪਣੇ ਕੀਲੇ ਦੇ ਜ਼ੋਰ 'ਤੇ ਤੀਘੜਦਾ। ਸਾਡੇ ਲੋਕਾਂ ਨੂੰ ਦਿਨ-ਰਾਤ ਦੋ ਡੰਗ ਦੀ ਰੋਟੀ ਦਾ ਫ਼ਿਕਰ ਲੱਗਿਆ ਰਹਿੰਦਾ। ਕਿਸੇ ਨੂੰ ਸੁਰਤ ਨਹੀਂ ਬਈ ਪੜ੍ਹਨਾ ਕਿਵੇਂ ਹੈ, ਉੱਚਾ ਕਿਵੇਂ ਉੱਠਣਾ।" ਮੈਨੂੰ ਦਾਰੂ ਦੀ ਕਾਫੀ ਲੋਰ ਆਉਣ ਲੱਗ ਪਈ ਸੀ।

ਵਿਜੈ ਸਾਗਰ ਖ਼ਾਲੀ ਗਲਾਸਾਂ ਵਿਚ ਪੈੱਗ ਪਾਉਂਦਾ ਕਹਿਣ ਲੱਗ ਪਿਆ, "ਚਾਚਾ ਇਹ ਵੀ ਨਹੀਂ ਬਈ ਅਸੀਂ ਚਮੜੇ ਦਾ ਕੰਮ ਕਰਨ ਵਾਲੇ ਭੁੱਖੇ ਮਾਰਦੇ ਸੀ। ਜਿਹੜੇ ਮਰੇ ਡੰਗਰ ਚੁੱਕਦੇ ਸੀ, ਉਨ੍ਹਾਂ ਕੋਲ ਵੀ ਪੈਸਾ ਸੀ। ਪੈਸੇ ਸੀ ਤਾਂ ਹੀ ਉਹ ਆਪਣੇ ਲੋਕਾਂ ਪ੍ਰਤੀ ਜਾਗੇ, ਸਮਾਜ ਨੂੰ ਉੱਚਾ ਚੁੱਕਣ ਲਈ ਕਿੰਨੀਆਂ ਲਹਿਰਾਂ ਚੱਲੀਆਂ। ਇਨ੍ਹਾਂ ਪੈਸੇ ਵਾਲੇ ਆਪਣੇ ਲੋਕਾਂ ਨੇ ਹੀ ਲਹਿਰਾਂ ਨੂੰ ਆਸਰਾ ਦਿੱਤਾ। ਆਪਣੇ ਪਿੰਡ ਵਿਚ ਚਮੜਾ ਰੰਗਣ ਦੇ ਕਾਰਖਾਨੇ ਲੱਗੇ... ਆਪਾਂ ਪੜ੍ਹ ਵੀ ਗਏ। ਆਪਣੇ ਪਿੰਡ ਦੇ ਤਿੰਨ-ਚਾਰ ਮੁੰਡੇ ਵੱਡੇ ਅਫ਼ਸਰ ਲੱਗ ਗਏ। ਗਾਹਾਂ ਉਨ੍ਹਾਂ ਦੇ ਨਿਆਣੇ ਹੋਰ ਪੜ੍ਹ ਗਏ। ਪਰ ਇਹ ਬਹੁਤ ਥੋੜ੍ਹੇ ਸਨ। ਪਿੰਡਾਂ ਦੇ ਆਪਣੇ ਬਹੁਤੇ ਭਰਾਵਾਂ ਦਾ ਹਾਲ ਉਸੇ ਤਰ੍ਹਾਂ ਦਾ ਰਿਹਾ।"

"ਤੈਨੂੰ ਪਤਾ ਈ ਹੋਣਾ ਬਈ ਜਦੋਂ ਇਥੇ ਚਮੜਾ ਨਗਰ ਕਾਰਖਾਨੇ ਲੱਗੇ, ਉਦੋਂ ਕੁ ਹੀ ਆਪਣੇ ਪਿੰਡ ਦੇ ਕਾਰਖਾਨੇ ਬੰਦ ਹੋਣ ਲੱਗ ਪਏ। ਇਹ ਵੀ ਨਹੀਂ ਬਈ ਉਨ੍ਹਾਂ ਦੇ ਸਿਰਾਂ 'ਤੇ ਤਲਵਾਰ ਲਟਕਦੀ ਸੀ। ਕਿੱਕਰ ਦੇ ਸੱਕ ਨਾਲ ਰੰਗੇ ਚਮੜੇ ਦਾ ਮੁੱਲ ਮੰਡੀ 'ਚ ਐਨਾ ਨਹੀਂ ਸੀ ਪੈਂਦਾ, ਜਿੰਨਾ ਮੁੱਲ ਮਸ਼ੀਨਾਂ ਨਾਲ ਰੰਗੇ ਚਮੜੇ ਦਾ ਪੈਣ ਲੱਗਾ। ਇਸ ਰੰਗਾਈ ਵਿਚ ਸਮਾਂ ਬਹੁਤ ਲੱਗ ਜਾਂਦਾ ਸੀ। ਪਹਿਲਾਂ ਸੁੱਕੀਆਂ ਖ਼ੱਲਾਂ ਨੂੰ ਪਾਣੀ 'ਚ ਭਿਉਂਤਾ ਜਾਂਦਾ... ਹਫ਼ਤੇ ਦਸੀਂ ਦਿਨੀਂ ਉਨ੍ਹਾਂ ਦੇ ਕਿਨਾਰੇ ਕੱਟੇ ਜਾਂਦੇ ਫੇ ਖ਼ੱਲਾਂ ਨੂੰ ਚੂਨਾ ਲਾਇਆ ਜਾਂਦਾ। ਫੇ ਪਾਣੀ 'ਚ ਚੂਨਾ ਪਾ ਕੇ ਕੁੰਨਾਂ 'ਚ ਸੁੱਟ ਦਿੱਤਾ ਜਾਂਦਾ... ਇਹਦੇ ਨਾਲ ਖ਼ੱਲ ਦੇ ਵਾਲ਼ ਗ਼ਲ ਜਾਂਦੇ। ਕਈ ਸੋਢਾ ਵੀ ਪਾ ਦਿੰਦੇ... ਫੇ 'ਕੱਲੀ- 'ਕੱਲੀ ਖ਼ੱਲ ਨੂੰ ਬਾਹਰ ਕੱਢ ਕੇ ਰੰਬੀ ਨਾਲ ਸਾਫ਼ ਕੀਤਾ ਜਾਂਦਾ। ਮੂੰਜ 'ਨਾ ਸਿਓਂ ਕੇ ਥੈਲਾ ਜਿਹਾ ਬਣਾ ਕੇ ਸ਼ਤੀਰ ਨਾਲ ਬੰਨ੍ਹਿਆ ਜਾਂਦਾ... ਦਸ-ਬਾਰਾਂ ਦਿਨ ਕਿੱਕਰ ਦੇ ਸੱਕ ਦੇ ਘੋਲ ਨੂੰ ਤਿਆਰ ਕਰਕੇ ਖ਼ੱਲਾਂ ਵਿਚ ਭਰਿਆ ਜਾਂਦਾ... ਤਾਂ ਕਿਤੇ ਜਾ ਕੇ ਚੰਮ ਨੂੰ ਰੰਗ ਚੜ੍ਹਦਾ... ਫੇ ਸੁਕਾਇਆ ਜਾਂਦਾ... ਇਸ ਕੰਮ ਨੂੰ ਪੱਚੀ-ਤੀਹ ਦਿਨ ਲੱਗ ਜਾਂਦੇ... ਐਨੀ ਮਿਹਨਤ ਕਰਨੀ ਪੈਂਦੀ ਪੱਕੇ ਚੰਮ ਨੂੰ ਤਿਆਰ ਕਰਨ ਲਈ। ਹੱਥੀਂ ਕੰਮ ਕਰਨ ਨਾਲ ਪੈਦਾ ਹੋਈ ਚੀਜ਼ ਦਾ ਮੁਕਾਬਲਾ ਮਸ਼ੀਨਾਂ ਨਾਲ ਤਿਆਰ ਹੋਏ ਚੰਮ ਨਾਲ ਕਿਵੇਂ ਕੀਤਾ ਜਾ ਸਕਦਾ ਹੈ। ਜਦੋਂ ਮਸ਼ੀਨਰੀ ਨਹੀਂ ਸੀ ਤਾਂ ਇਸੇ ਚਮੜੇ ਦਾ ਮੁੱਲ ਸੀ ਜਦੋਂ ਮਸ਼ੀਨਰੀ ਆਈ ਤਾਂ ਕਿੱਕਰ ਨਾਲ ਰੰਗੇ ਚਮੜੇ ਨੂੰ ਪੱਕੀ ਆੜ੍ਹਤ ਕਰਨ ਵਾਲਿਆਂ ਨੇ ਦੁਰਕਾਰਨਾ ਸ਼ੁਰੂ ਕਰ ਦਿੱਤਾ। ਉਹ ਵੀ ਕੀ ਕਰਨ ਉਨ੍ਹਾਂ ਦਾ ਮਾਲ ਅੱਗੇ ਬੂਟ ਫੈਕਟਰੀ ਵਾਲੇ ਚੁੱਕਦੇ ਨਹੀਂ ਸੀ। ਜੇ ਚੁੱਕਦੇ ਸਨ ਤਾਂ ਸਸਤਾ। ਇਹਦਾ ਅਸਰ ਥੱਲੇ ਤੱਕ ਚਮੜਾ ਰੰਗਣ ਵਾਲੇ, ਪਰਸ, ਬੈਲਟਾਂ, ਜੈਕਟਾਂ, ਬਣਾਉਣ ਵਾਲੇ ਆਪਣੇ ਲੋਕਾਂ 'ਤੇ ਪਿਆ। ਫੇ ਇਨ੍ਹਾਂ ਨੇ ਮਰਨਾ ਹੀ ਸੀ। ਜਦੋਂ ਲਾਗਤ ਮੁੱਲ 'ਤੇ ਮਿਹਨਤ ਵੀ ਨਾ ਮਿਲੇ ਤਾਂ ਫੇਰ ਕੰਮ ਕਰਨ ਦਾ ਕੀ ਫਾਇਦਾ। ਸਾਡੇ ਕੰਮ ਦੀਆਂ ਇਸ ਤਰ੍ਹਾਂ ਜੜ੍ਹਾਂ ਵੱਢੀਆਂ... ਹੌਲੀ-ਹੌਲੀ ਪਿੰਡ ਦੀਆਂ ਕੁੰਨਾਂ ਘਟਣੀਆਂ ਸ਼ੁਰੂ ਹੋ ਗਈਆਂ। ਓਨਾ ਕੁ ਚਮੜਾ

ਤਿਆਰ ਹੁੰਦਾ ਜਿੰਨਾਂ ਕਿ ਪੰਜਾਬੀ ਜੁੱਤੀ ਤਿਆਰ ਕਰਨ ਲਈ ਵਰਤਿਆ ਜਾਂਦਾ ਅਤੇ ਇਕ ਇਹ ਸਮਾਂ ਵੀ ਆ ਗਿਆ ਕਿ ਹੌਲੀ-ਹੌਲੀ ਸਾਰੀਆਂ ਕੁੰਨਾਂ ਸੁੱਕ ਗਈਆਂ। ਭਿੰਦੇ ਕੇ ਟੱਬਰ, ਛੱਜੂ ਦੇ ਮੁੰਡੇ, ਲੰਬੜਾਂ ਦਾ ਟੱਬਰ ਤੇ ਹੋਰਨਾਂ ਨੂੰ ਸਭ ਨੇ ਏਥੇ ਦੇ ਕਾਰਖਾਨੇ ਵਾਲਿਆਂ ਨੇ ਵੱਧ ਪੈਸਿਆਂ ਦਾ ਲਾਲਚ ਦੇ ਕੇ ਕੰਮ 'ਤੇ ਰੱਖ ਲਿਆ। ਉਨ੍ਹਾਂ ਦੀ ਰੋਟੀ ਪੱਕਦੀ ਹੋ ਗਈ। ਸਭ ਘਰੋਂ ਨਹਾ ਕੇ ਜਾਂਦੇ, ਉਥੇ ਕੱਛੇ ਪਾ ਕੇ ਕੱਚਾ ਚੰਮ ਚੁੱਕਦੇ, ਤੂੰ ਦੇਖ ਲੈ ਇਨ੍ਹਾਂ ਸਾਰੀਆਂ ਟੈਂਟਰੀਆਂ ਵਿਚ ਆਪਣੇ ਚਮਾਰ ਭਾਈ ਲੱਗੇ ਹੋਏ ਆ, ਬਾਕੀ ਯੂ ਪੀ ਦੇ ਚਮਾਰ ਨਿੱਕੀਆਂ-ਸੁੱਕੀਆਂ ਜਾਤਾਂ ਦੇ ਲੋਕ ਹਨ। ਤੀਂਵੀਆਂ ਵੀ ਹਨ। ਉਹ ਲੋਕ ਜਿਹੜੇ ਆਪਣੀ ਮਰਜ਼ੀ ਨਾਲ ਉੱਠ ਕੇ ਚੰਮ ਰੰਗਦੇ ਸਨ, ਉਹ ਹੁਣ ਇਥੇ ਮਜ਼ਦੂਰ ਬਣ ਕੇ ਰਹਿ ਗਏ ਹਨ। ਇਹਨੂੰ ਤੂੰ ਚਾਚਾ ਕਿਸਮਤ ਕਹਿ ਲੈ ਜਾਂ ਕੁਛ ਹੋਰ। ਇਹਨਾਂ ਨੂੰ ਦਬਕੇ ਮਾਰਨ ਲਈ, ਕੰਮ ਕਰਾਉਣ ਲਈ ਤੇਰੇ ਮੇਰੇ ਅਰਗੇ ਰੱਖੇ ਹੋਏ ਆ। ਹਾਂ ਆਪਣੇ ਅਰਗੇ ਬਾਬੂ। ਲਾਹਣਤ ਆ ਆਪਣੇ ਵਰਗੇ ਬਾਬੂਆਂ 'ਤੇ।" ਵਿਜੇ ਨੂੰ ਚੜ੍ਹ ਗਈ ਸੀ ਤੇ ਉਹ ਅਤਿ ਦਾ ਭਾਵੁਕ ਹੋ ਗਿਆ ਸੀ। ਜਿਹੜਾ ਆਪਣੇ ਆਪ 'ਤੇ ਲਾਹਣਤਾਂ ਪਾਉਣ ਲੱਗ ਪਿਆ ਸੀ। ਚੜ੍ਹ ਮੈਨੂੰ ਵੀ ਗਈ ਸੀ। ਮੇਰਾ ਮਨ ਵੀ ਖਰਾਬ ਹੋ ਗਿਆ ਸੀ। ਵਿਜੇ ਸਿਰ ਜਿਹਾ ਛੰਡ ਕੇ ਫਿਰ ਕਹਿਣ ਲੱਗ ਪਿਆ, "ਮਾਂ ਜਾਵੇ ਏ ਸੀ ਕਮਰਿਆਂ ਵਿਚੋਂ ਆਪ ਨਹੀਂ ਨਿਕਲਦੇ। ਸਾਨੂੰ ਫੋਨਾਂ 'ਤੇ ਈ ਦਬਕੇ ਮਾਰਦੇ ਰਹਿੰਦੇ ਆ। ਆਹ ਕਰੋ, ਏਥੇ ਜਾਓ, ਮਸ਼ੀਨਾਂ ਵਾਲੇ ਇੰਜੀਨੀਅਰਾਂ ਨੂੰ ਦੇਖੋ। ਲੇਬਰ ਨੂੰ ਵਿਹਲੀ ਨਹੀਂ ਬੈਠਣ ਦੇਣਾ। ਫੇ ਮਾਲਕਾਂ ਨੇ ਆਹ ਗੁਪਤ ਕੈਮਰੇ ਫਿਟ ਕਰ 'ਤੇ ਹਰ ਵਰਕਰ 'ਤੇ ਦਫ਼ਤਰ ਬੈਠੇ ਨਜ਼ਰ ਰੱਖਦੇ ਆ। ਅੰਦਰ ਸਾਰਾ ਕੁਝ ਸਕਰੀਨ 'ਤੇ ਦਿਸੀ ਜਾਂਦਾ। ਜੇ ਨਾ ਵੀ ਬੈਠੇ ਹੋਣ ਤਾਂ ਰਿਕਾਰਡ ਹੋਈ ਜਾਂਦਾ। ਬੰਦਿਆਂ-ਬੁੜ੍ਹੀਆਂ ਨੇ ਆਪੇ ਮਸ਼ੀਨਾਂ ਬਣਨਾ। ਮਨੁੱਖਤਾ ਦਾ ਕੋਈ ਕਣ ਬਚਿਆ ਰਹਿ ਗਿਆ ਭਲਾ। ਹੋਰ ਪਤਾ ਨ੍ਹੀਂ ਕੀ ਕੀ। ਗੱਲ ਵਿਚੋਂ ਇਹ ਆ ਚਾਚਾ ਬਈ ਇਨ੍ਹਾਂ ਬਾਣੀਆਂ ਬੁੱਧੀ ਲੋਕਾਂ ਨੂੰ ਕੰਮ ਕਰਾਉਣਾ ਆਉਂਦਾ। ਇਹ ਲੋਕ ਸਦੀਆਂ ਤੋਂ ਸਾਡੇ ਲੋਕਾਂ 'ਤੇ ਗੁਲਾਮੀ ਕਰਦੇ ਆ ਰਹੇ ਹਨ। ਚਾਚਾ ਆਪਾਂ ਵੀ ਘੱਟ ਨਹੀਂ ਕਰੀਦੀ। ਜਿਥੇ ਦਾਅ ਲੱਗਦਾ, ਮਾਂਜੀਦਾ ਦਾ ਪੂਰੀ ਤਰ੍ਹਾਂ। " ਵਿਜੇ ਨੇ ਪੂਰਾ ਪੈੱਗ ਅੰਦਰ ਸੁੱਟ ਲਿਆ ਸੀ। ਉਹਦੀਆਂ ਅੱਖਾਂ ਦੇ ਲਾਲ ਡੋਰੇ ਲਾਖ ਨਾਲ ਰੰਗੇ ਚੰਮ ਵਰਗੇ ਲਾਖੇ ਹੋ ਗਏ ਸਨ। ਮੈਂ ਸਿਰ ਸੁੱਟ ਲਿਆ ਸੀ। ਸਾਰੇ ਬੰਡਲ ਦੀਆਂ ਬੀੜੀਆਂ ਫੂਕ ਦਿੱਤੀਆਂ ਸਨ। ਵਿਜੇ ਸਾਗਰ ਨੇ ਪਤਾ ਨਹੀਂ ਕਦੋਂ ਹਾਤੇ ਦਾ ਬਿੱਲ ਦਿੱਤਾ ਸੀ ਤੇ ਬੋਲਿਆ ਸੀ, "ਚੱਲ ਉੱਠ ਚਾਚਾ ਕਬਰਸਤਾਨ 'ਚੋਂ, ਆਪਣੇ ਲੋਕਾਂ ਨੇ ਏਥੇ ਈ ਲਾਸ਼ਾਂ ਢੋਣੀਆਂ ਨੇ ਤੇ ਆਪਾਂ ਢਓਣੀਆਂ ਨੇ , ਆਪਾਂ ਦੋਲਿਆਂ ਨੇ ਗਿਣਤੀਆਂ-ਮਿਣਤੀਆਂ ਕਰਨੀਆਂ ਆ, ਚੱਲ ਉੱਠ... ਭੈ... ਚੋ... ।" ਤੇ ਮੈਂ ਪਤਾ ਨਹੀਂ ਕਿਵੇਂ ਤੇ ਕਦੋਂ ਘਰ ਪਹੁੰਚਿਆ ਸੀ।

ਜਰਦੇ ਦੀ ਚੁਟਕੀ ਮੇਰੇ ਵੱਲ ਕਰਦਾ ਡਰੈਵਰ ਨੇੜੇ ਹੋ ਕੇ ਬੋਲਿਆ ਸੀ, "ਬਾਬੂ ਜੀ ਏਥੇ ਆਪਣੇ ਲੋਕਾਂ ਦੇ ਕਾਰਖਾਨੇ ਵੀ ਨੇ ਜਾਂ ਸਾਰੇ ਵੱਡੇ ਲੋਕਾਂ ਦੇ ਨੇ।" ਮੇਰਾ ਧਿਆਨ ਇਕ-ਦਮ ਉਖੜਿਆ ਸੀ। ਸੋਚਾਂ ਵਿਚ ਗੰਭੀਰ ਬਣਿਆ ਮੇਰਾ ਚਿਹਰਾ ਇਕ-ਦਮ ਢਿੱਲਾ ਪੈ ਗਿਆ ਸੀ। ਮੇਰੇ ਤੇ ਭਤੀਜ ਵਿਜੇ ਸਾਗਰ ਵਿਚ ਚਲ ਰਹੀ ਬਹਿਸ ਇਕ-ਦਮ ਟੁੱਟ ਗਈ ਸੀ। ਮੈਂ ਮੁੜ ਕਾਰਖਾਨੇ ਦਾ ਬਾਬੂ ਬਣ ਗਿਆ ਸੀ।

"ਬਸ ਹੋਣਗੇ ਕੋਈ ਚਾਰ ਪੰਜ, ਪਹਿਲਾਂ ਬਥੇਰੇ ਸੀ, ਪਰ ਉਹ ਸਾਰੇ ਹੱਥੀਂ ਚੰਮ ਰੰਗਣ ਵਾਲੇ ਸੀ। ਜਿਹਨਾਂ ਕੋਲ ਏਥੇ ਕੰਮ ਚੱਲਿਆ ਨਹੀਂ। ਇਥੇ ਖਰਚੇ ਬਾਹਲੇ ਸੀ। ਮਸ਼ੀਨਾਂ ਕਾਹਦੇ ਨਾਲ ਲਾਉਣੀਆਂ ਸੀ, ਜਿਨ੍ਹਾਂ ਕੋਲ ਪੈਸੇ ਸੀ ਉਨ੍ਹਾਂ ਨੇ ਕੰਮ ਚਲਾ ਲਏ, ਨਹੀਂ ਤਾਂ ਬਹੁਤੇ ਲੋਕੀਂ ਏਥੇ ਖ਼ੱਲਾਂ ਚੁੱਕਣ ਤੇ ਆ ਲੱਗੇ ਜਾਂ ਮਸ਼ੀਨਾਂ ਚਲਾਉਣ ਵਾਲਿਆਂ ਦੇ ਹੈਲਪਰ ਬਣ ਗਏ। ਮਾਲਕ ਆਪ ਹੱਥ ਥੋੜਾ ਲਾਉਂਦੇ ਆ। ਉਹ ਤਾਂ ਕੰਮ ਕਰਾਉਂਦੇ ਆ। ਚੰਮ ਰੰਗਣ ਵਾਲੇ ਸਾਰੇ ਲੋਕ ਇਥੇ ਕਾਰਖਾਨਿਆਂ ਦੀ ਲੇਬਰ ਬਣ ਗਏ। ਜਿਨ੍ਹਾਂ



ਆਪਣੇ ਲੋਕਾਂ ਨੇ ਇਥੇ ਕਾਰਖਾਨੇ ਲਾਏ ਉਹ ਹੁਣ ਕਾਹਦੇ ਚਮਾਰ ਰਹਿ ਗਏ। ਐੱਸ ਸੀ ਸਰਟੀਫਿਕੇਟ ਲਾ ਕੇ ਸਰਕਾਰਾਂ ਤੋਂ ਫਾਇਦੇ ਲੈ ਰਹੇ ਹਨ, ਉਨ੍ਹਾਂ ਦੇ ਨਿਆਣੇ ਨੌਕਰੀਆਂ ਦੇ ਫਾਇਦੇ ਲੈ ਰਹੇ ਹਨ।"

ਐਨੇ ਨੂੰ ਡਰਾਇਵਰ ਨੇ ਖਾਲੀ ਟਰੱਕ ਸਟਾਰਟ ਕਰ ਲਿਆ। ਮੇਰੇ ਦੇਖਦੇ-ਦੇਖਦੇ ਟਰੱਕ ਗੇਟ ਤੋਂ ਬਾਹਰ ਨਿਕਲ ਕੇ ਚਮੜਾ ਨਗਰ 'ਚ ਵੜ ਗਿਆ।

ਦੁਪਹਿਰਾ ਹੋ ਗਿਆ, ਮੈਂ ਦਫ਼ਤਰ ਬੈਠੇ ਬਾਬੂ ਨੂੰ ਹਿਸਾਬ ਦੇ ਕੇ ਬਾਹਰ ਆ ਗਿਆ। ਬਾਹਰ ਆ ਰੋਟੀ ਖਾਣ ਬਾਰੇ ਸੋਚਣ ਲੱਗਾ। ਮੇਰੇ ਮਨ ਵਿਚ ਬਚਪਨ ਘੁੰਮਣ ਲੱਗ ਪਿਆ। ਜਦੋਂ ਮੈਂ ਸੁਰਤ ਸੰਭਾਲੀ ਸੀ ਤਾਂ ਸਾਡੇ ਬਾਬੇ-ਦਾਦੇ ਦਾ ਸਾਰਾ ਟੱਬਰ ਚਮੜਾ ਰੰਗਦਾ ਸੀ। ਧਨਾਲ ਤੋਂ ਆਏ ਧਨਾਲੀਆਂ ਦੇ ਟੱਬਰ ਨੇ ਮਰੇ ਡੰਗਰਾਂ ਦੀਆਂ ਖ਼ੱਲਾਂ ਉਤਾਰਨ ਦਾ ਕੰਮ ਸਾਂਭ ਲਿਆ ਸੀ। ਕੋਟੀਆਂ ਤੇ ਸਮਰਾਵੀਆਂ ਦੇ ਟੱਬਰਾਂ ਨੇ ਜੁੱਤੀਆਂ ਬਣਾਉਣ ਦਾ ਕਾਰੋਬਾਰ ਕਰਨਾ ਸ਼ੁਰੂ ਕਰ ਦਿੱਤਾ ਸੀ। ਇਨ੍ਹਾਂ ਦੋ-ਤਿੰਨ ਟੱਬਰਾਂ ਕੋਲ ਜਦੋਂ ਪੈਸਾ ਆਇਆ ਸੀ ਤਾਂ ਬਾਬੇ ਜਾਗਰ ਨਾਲ ਖਾਰ ਖਾਣ ਲੱਗ ਪਏ ਸਨ। ਉਦੋਂ ਬਾਬੇ ਨੇ ਆਪ ਚੰਮ ਰੰਗਣ ਦਾ ਕੰਮ ਛੱਡ ਦਿੱਤਾ ਸੀ ਅਤੇ ਨੇੜੇ ਦੇ ਪਿੰਡਾਂ ਦੇ ਮੁੰਡੇ ਚੰਮ ਰੰਗਣ ਲਈ ਰੱਖ ਲਏ ਸਨ। ਧਨਾਲੀਆਂ ਦਾ ਟੱਬਰ ਪਹਿਲਾਂ-ਪਹਿਲ ਬਾਬੇ ਨੂੰ ਖੱਲਾਂ ਲਾਹ ਕੇ ਦਿੰਦਾ ਸੀ, ਫਿਰ ਉਨ੍ਹਾਂ ਬੂਟਾ ਮੰਡੀ ਵੇਚਣੀਆਂ ਸ਼ੁਰੂ ਕਰ ਦਿੱਤੀਆਂ ਸਨ। ਪਤਾ ਨਹੀਂ ਕਿਹੜੀ ਗੱਲ ਤੋਂ ਵਿਗਾੜ ਪੈਦਾ ਹੋ ਗਿਆ ਸੀ ਤੇ ਵਧ ਗਿਆ ਸੀ। ਬਾਬੇ ਹੁਰੀਂ ਮਹਿੰਗੇ ਭਾਅ ਖ਼ੱਲਾਂ ਖਰੀਦਣ ਲਈ ਮਜਬੂਰ ਹੋ ਗਏ ਸਨ। ਬਾਬੇ ਨੇ ਕਾਫੀ ਯਤਨ ਕਰਕੇ ਪਿੰਡ ਵਿਚ ਰਵਿਦਾਸ ਦਾ ਮੰਦਰ ਉਸਾਰ ਲਿਆ ਸੀ। ਉਸ ਦੀ ਕਮੇਟੀ ਬਣਾ ਲਈ ਸੀ। ਸਭ ਨੇ ਬਾਬੇ ਨੂੰ ਮੰਦਰ ਦਾ ਪ੍ਰਧਾਨ ਬਣਾ ਦਿੱਤਾ ਸੀ। ਉਥੇ ਹੀ ਆਦਿ ਧਰਮ ਦੇ ਪ੍ਰਚਾਰਕ ਆਉਂਦੇ ਸਨ। ਸਾਰੇ ਪਿੰਡ ਦੇ ਸਿਆਣੇ ਲੋਕ 'ਕੱਠੇ ਹੋ ਜਾਂਦੇ ਸਨ। ਇਹ ਮੰਦਰ ਹੀ ਵੱਖ-ਵੱਖ ਟੱਬਰਾਂ ਨੂੰ ਵੰਡਣ ਦਾ ਕਾਰਨ ਸੀ, ਪਰ ਇਸ ਦੇ ਬਾਵਜੂਦ ਪਿੰਡ ਵਿਚ ਸਾਰੇ ਟੱਬਰਾਂ ਦੀ ਹਾਲਤ ਕਾਫੀ ਸੁਧਰ ਗਈ ਸੀ। ਜਦੋਂ ਕਦੇ ਮੰਦਰ ਵਿਚ ਪ੍ਰਚਾਰਕ ਆਉਂਦੇ ਤਾਂ ਅਸੀਂ ਵੀ ਮੁੰਡੇ ਬਜ਼ੁਰਗਾਂ ਦੇ ਪਿੱਛੇ ਬੈਠ ਜਾਂਦੇ ਉਹ ਦੱਸਦੇ ਹੁੰਦੇ ਕਿ ਦੇਸ਼ ਅਜ਼ਾਦ ਹੋਣ ਤੋਂ ਪਹਿਲਾਂ ਜਿੰਨੇ ਵੀ ਚਾਰ-ਪੰਜ ਚਮੜੇ ਦੇ ਬੂਟ ਬਣਾਉਣ ਤੇ ਜੁੱਤੀਆਂ ਬਣਾਉਣ ਦੇ ਕਾਰਖਾਨੇ ਸੀ ਸਾਰਿਆਂ ਦੇ ਮਾਲਿਕ ਚਮਾਰ ਨਹੀਂ ਸੀ। ਅੰਗਰੇਜ਼ਾਂ ਅੱਗੇ ਅਸੀਂ ਇਹ ਮੰਗ ਰੱਖੀ ਕਿ ਫੌਜ ਵਿਚ ਜੋ ਬੂਟ , ਤਸਮੇ, ਘੋੜਿਆਂ ਦੀਆਂ ਲਗਾਮਾਂ ਤੇ ਮਸ਼ਕਾਂ ਖਰੀਦੀਆਂ ਜਾਂਦੀਆਂ ਹਨ, ਉਹ ਸਿੱਧੀਆਂ ਸਾਡੇ ਲੋਕਾਂ ਦੇ ਕਰੀਗਰਾਂ ਕੋਲੋਂ ਖਰੀਦੀਆਂ ਜਾਣ, ਸਾਡੇ ਲੋਕਾਂ ਨੂੰ ਆਰਡਰ ਦਿੱਤਾ ਜਾਵੇ। ਸਾਰਾ ਲਾਭ ਤਾਂ ਦੂਜੇ ਲੋਕ ਲੈ ਜਾਂਦੇ ਆ ਅਸੀਂ ਮਿਹਨਤ ਕਰਦੇ ਰਹਿ ਜਈਦਾ। ਗੋਰਿਆਂ ਨੇ ਰੰਗੇ ਹੋਏ ਪੱਕੇ ਚਮੜੇ 'ਤੇ ਵਲੈਤ ਭੇਜਣ ਲਈ ਬਹੁਤ ਟੈਕਸ ਲਾ ਦਿੱਤਾ ਹੈ, ਪਰ ਦੂਜੇ ਪਾਸੇ ਖ਼ੱਲਾਂ ਤੇ ਕੱਚੇ ਚਮੜੇ 'ਤੇ ਟੈਕਸ ਹਟਾ ਦਿੱਤਾ ਸੀ। ਜਿਸ ਕਾਰਨ ਕੱਚੇ ਚਮੜੇ ਦੀਆਂ ਭਰੀਆਂ ਰੇਲ ਗੱਡੀਆਂ ਦੇ ਡੱਬੇ ਏਧਰ-ਓਧਰ ਭੱਜਣ ਲੱਗੇ ਸਨ। ਉਦੋਂ ਤੱਕ ਇਹ ਕੰਮ ਚਮਾਰ ਵਪਾਰੀਆਂ ਦੇ ਹੱਥ ਵਿਚ ਰਿਹਾ। ਉਦੋਂ ਉੱਚੀ ਜਾਤੀ ਵਾਲੇ ਇਸ ਕੰਮ ਨੂੰ ਭ੍ਰਿਸ਼ਟ ਕੰਮ ਸਮਝਦੇ ਸਨ। ਕੱਚੇ ਚੰਮ ਦੇ ਵਪਾਰ 'ਚ ਏਧਰ-ਉਧਰ ਘੁੰਮਦੇ ਵਪਾਰੀ ਸਮਾਜ ਨੂੰ ਜਗਾਉਣ ਲੱਗ ਪਏ। ਪਰ ਹੁਣ ਹਾਲਤ ਸੁਧਰੀ ਨਹੀਂ। ਹੁਣ ਵੀ ਸਾਰੀ ਚਮੜਾ ਕੰਪਲੈਕਸ ਵਿਚ ਪੰਜ-ਸੱਤ ਚਮੜੇ ਦੇ ਕਾਰਖਾਨਿਆਂ ਦੇ ਮਾਲਿਕ ਚਮਾਰ ਹਨ। ਬਾਕੀ ਕਾਰਖਾਨੇ ਗੈਰ ਦਲਿਤਾਂ ਦੇ ਕੋਲ ਹਨ। ਉਨ੍ਹਾਂ ਦਿਨਾਂ ਵਿਚ ਭਾਪੇ ਨੇ ਜਦੋਂ ਹੌਲੀ-ਹੌਲੀ ਚੰਮ ਰੰਗਣਾ ਛੱਡ ਦਿੱਤਾ ਸੀ ਤਾਂ ਵੱਡੇ ਭਰਾ ਨੇ ਰੰਗਾਈ ਦਾ ਕੰਮ ਆਪਣੀ ਦੇਖ-ਰੇਖ ਹੇਠ ਕਰ ਲਿਆ ਸੀ। ਸਾਰੀ ਜ਼ਮੀਨ ਵੀ ਭਾਪੇ ਨੇ ਵੱਡੇ ਭਰਾ ਦੇ ਨਾਂ ਕਰਵਾਈ ਹੋਈ ਸੀ। ਉਦੋਂ ਕੁ ਬੰਬੇ ਤੋਂ ਚਮੜਾ ਰੰਗਣ ਵਾਲੀਆਂ ਮਸ਼ੀਨਾਂ ਵੀ ਮੰਗਵਾਈਆਂ ਸਨ। ਸਾਡੇ ਕਾਰਖਾਨੇ ਵਿਚ ਪਈਆਂ ਮਸ਼ੀਨਾਂ ਨੂੰ ਦੇਖਣ ਲਈ ਦੂਰੋਂ-ਦੂਰੋਂ ਚੰਮ ਰੰਗਣ ਵਾਲੇ ਚਮਾਰ ਆਏ ਸਨ। ਉਹ ਹੱਥ ਲਾ ਕੇ ਦੇਖਦੇ ਤੇ ਹੈਰਾਨ ਹੁੰਦੇ। ਪਰ

ਉਹਦੇ ਕੋਲੋਂ ਕੰਮ ਚੱਲਿਆ ਨਹੀਂ ਸੀ। ਬਿਜਲੀ ਦਾ ਬੜਾ ਸੰਕਟ ਸੀ। ਤੇ ਕੌਡੀਆਂ ਦੇ ਭਾਅ ਮਸ਼ੀਨਾਂ ਚਮੜਾ ਨਗਰ ਦੇ ਲਾਲਿਆਂ ਨੂੰ ਵੇਚਣੀਆਂ ਪਈਆਂ ਸਨ। ਫਿਰ ਭਾਪੇ ਨੂੰ ਅਧਰੰਗ ਹੋ ਗਿਆ ਸੀ। ਉਹ ਦਿਨਾਂ ਵਿਚ ਤੁਰਦਾ ਬਣਿਆ ਸੀ। ਉਦੋਂ ਪਿੰਡਾਂ 'ਚ ਚਮੜਾ ਰੰਗਣ ਦਾ ਕੰਮ ਬੰਦ ਹੋ ਗਿਆ ਸੀ। ਵੱਡਾ ਭਰਾ ਕਹਿਣ ਲੱਗ ਪਿਆ ਸੀ ਕਿ ਮਸ਼ੀਨਾਂ ਕਰਜ਼ਾ ਚੁੱਕ ਕੇ ਖਰੀਦੀਆਂ ਸਨ ਤੇ ਵੇਚ ਕੇ ਕਰਜ਼ਾ ਲਾਹ ਦਿੱਤਾ ਸੀ। ਅਸੀਂ ਪੰਜੇ ਭਰਾ ਵੱਖਰੇ-ਵੱਖਰੇ ਹੋ ਗਏ ਸੀ। ਮੈਂ ਪੜ੍ਹਿਆ ਤਾਂ ਸੋਲਾਂ ਸਾਂ ਪਰ ਨੌਕਰੀ ਕੋਈ ਲੱਭੀ ਨਹੀਂ ਸੀ, ਸਾਡੇ ਟੱਬਰ ਦੇ ਕਿਸੇ ਨੌਕਰੀ ਲੱਗੇ ਨੇ ਵੀ ਚੰਗੀ ਤਰ੍ਹਾਂ ਨਹੀਂ ਦੱਸਿਆ ਸੀ ਕਿ ਆਹ ਕਰ ਲੈ, ਆਹ ਪੇਪਰ ਦੇਹ... ਉਹ ਨਹੀਂ ਸੀ ਚਾਹੁੰਦੇ ਕਿ ਕੋਈ ਸਾਡੇ ਬਰਾਬਰ ਬੈਠਣ ਲੱਗ ਜਾਵੇ। ਲੈ-ਦੇ ਕੇ ਬੈਂਕਾਂ ਦੇ ਪੇਪਰ ਦਿੰਦੇ ਰਹੇ, ਅਖੀਰ ਕਿਸੇ ਸਕੂਲ 'ਚ ਜਾ ਲੱਗਾ ਤੇ ਮੈਨੂੰ ਸਾਰੇ ਟੱਬਰ ਦੇ ਲੋਕੀ ਮਾਸਟਰ ਕਹਿਣ ਲੱਗ ਪਏ। ਆਖੀਰ ਏਥੇ ਚਮੜੇ ਦੇ ਕਾਰਖਾਨੇ ਲੱਗਣ ਲਈ ਮਜ਼ਬੂਰ ਹੋ ਗਿਆ। ਹੋਰ ਕੀ ਕਰਦਾ, ਨਿਆਣੇ ਵੀ ਪਾਲਣੇ ਸੀ।

ਬੂਟਾ ਮੰਡੀ ਦੇ ਸੜਕ ਕਿਨਾਰੇ ਦਾ ਛੱਪੜ ਜਿਹਦੇ ਵਿਚ ਸਾਰੇ ਚਮੜਾ ਰੰਗਣ ਵਾਲੇ ਕਾਰਖਾਨਿਆਂ ਦਾ ਪਾਣੀ ਪੈਂਦਾ ਸੀ, ਹੌਲੀ-ਹੌਲੀ ਸੁੱਕਣ ਲੱਗ ਪਿਆ ਸੀ। ਸਰਕਾਰ ਨੇ ਸਾਰਾ ਗੰਦਾ ਪਾਣੀ ਸੀਵਰੇਜ 'ਚ ਸੁੱਟ ਕੇ ਛੱਪੜ 'ਚ ਜਾਣ ਵਾਲਾ ਪਾਣੀ ਬੰਦ ਕਰ ਦਿੱਤਾ ਸੀ। ਰੰਗਾਈ ਦਾ ਕੰਮ ਬੰਦ ਹੋਣ ਨਾਲ ਬੂਟਾ ਮੰਡੀ ਦਾ ਰੂਪ ਬਦਲਣ ਲੱਗ ਪਿਆ ਸੀ। ਫਿਰ ਸ਼ਹਿਰ ਸਾਡੇ ਪਿੰਡ ਵੱਲ ਨੂੰ ਵਧਣ ਲੱਗ ਪਿਆ ਸੀ। ਜਿਹੜੇ ਲੋਕ ਸਾਡੇ ਪਿੰਡ ਵੱਲ ਨੂੰ ਮੂੰਹ ਨਹੀਂ ਸੀ ਕਰਦੇ, ਬਈ ਏਧਰ ਤਾਂ ਮੁਸ਼ਕ ਬਹੁਤ ਆਉਂਦਾ, ਬੂਟਾ ਮੰਡੀ ਦਾ ਛੱਪੜ ਲੰਘਣਾ ਨਰਕ ਲੰਘਣ ਸਾਮਾਨ ਹੈ, ਛੱਪੜ ਪੂਰਨ ਉਪਰੰਤ ਸ਼ਹਿਰ ਦੇ ਬਾਣੀਏ ਲੋਕਾਂ ਨੇ ਸਾਡੇ ਪਿੰਡ ਵਿਚ ਸੜਕ ਕਿਨਾਰੇ ਦੇ ਉਜੜ ਚੁੱਕੇ ਚੰਮ ਰੰਗਣ ਵਾਲੇ ਕਾਰਖਾਨੇ ਖਰੀਦਣੇ ਸ਼ੁਰੂ ਕਰ ਦਿੱਤੇ। ਮੇਰੇ ਦੇਖਦੇ ਹੀ ਦੇਖਦੇ ਸੁੱਕੀਆਂ ਕੁੰਨਾਂ ਪੂਰ ਹੋਣ ਲੱਗ ਪਈਆਂ। ਚਮੜਾ ਰੰਗਣ ਵਾਲੇ ਢਾਰੇ ਢਹਿਣ ਲੱਗ ਪਏ। ਸ਼ਤੀਰੀਆਂ ਦਾ ਬਾਲਣ ਬਣਨ ਲੱਗ ਪਿਆ। ਕੌਡੀਆਂ ਦੇ ਭਾਅ ਖਰੀਦੀ ਥਾਂ ਲੱਖਾਂ ਵਿਚ ਵਿਕਣ ਲੱਗ ਪਈ। ਮੇਰੇ ਦੇਖਦਿਆਂ ਹੀ ਦੇਖਦਿਆਂ ਧਨਾਲੀਆਂ ਦਾ ਟੱਬਰ, ਸਾਡਾ ਟੱਬਰ, ਕੋਟੀਆਂ ਦਾ ਟੱਬਰ, ਸਮਰਾਵੀਆਂ ਦਾ ਟੱਬਰ ਖਿੰਡਣ ਲੱਗ ਪਿਆ। ਸਭ ਨੇ ਲੱਖਾਂ ਰੁਪਏ ਵੱਟ ਕੇ ਆਸੇ-ਪਾਸੇ ਬਣ ਰਹੀਆਂ ਕਾਲੋਨੀਆਂ ਵਿਚ ਪਲਾਟ ਲੈਣੇ ਸ਼ੁਰੂ ਕਰ ਦਿੱਤੇ। ਚੰਮ ਰੰਗਣ ਵਾਲੀ ਸਾਰੀ ਪੀੜ੍ਹੀ ਤਾਂ ਦਫ਼ਨ ਹੋ ਗਈ ਸੀ। ਨਿਰੋਲ ਚਮਾਰਾਂ ਦੇ ਪਿੰਡ ਵਜੋਂ ਜਾਣਿਆ ਜਾਣ ਵਾਲਾ ਪਿੰਡ ਉੱਜੜ ਗਿਆ। ਮੈਨੂੰ ਬਾਬੇ ਦੀ ਗੱਲ ਚੇਤੇ ਆਉਂਦੀ ਆ, "ਤੁਸੀਂ ਦੇਖਿਆ ਈ ਹੋਣਾ, ਮੈਨੂੰ ਪਿੰਡ ਵਿਚੋਂ ਜ਼ਿਮੀਦਾਰਾਂ ਨੇ ਆਪਣੀ ਤਾਕਤ ਨਾਲ ਕੱਢਿਆ ਸੀ, ਤੇ ਮੈਂ ਪਿੰਡ ਛੱਡ ਕੇ ਏਥੇ ਉਜਾੜ ਵਿਚ ਆ ਬੈਠਾ ਸੀ ਇਕ ਦਿਨ ਇਥੋਂ ਵੀ ਤੁਹਾਨੂੰ ਇਹ ਉੱਚੀ ਜਾਤੀ ਵਾਲੇ ਲੋਕ ਉਜਾੜਨਗੇ।" ਬਾਬੇ ਦਾ ਕਿਹਾ ਸੱਚ ਹੋਇਆ ਸੀ। ਪਿੰਡ ਵਿਚ ਪੱਥਰ ਦੀਆਂ ਦੁਕਾਨਾਂ ਪੈਣ ਲੱਗ ਪਈਆਂ ਸਨ। ... ਜਗਦੰਬੇ ਮਾਰਬਲ..... ਭਗਵਤੀ ਮਾਰਬਲ... ਵਰਗੇ ਬੋਰਡ ਥਾਂ-ਥਾਂ ਗੱਡੇ ਗਏ ਸਨ। ਕਿਸੇ ਜ਼ਮਾਨੇ ਵਿਚ ਲੱਕੜ ਦੇ ਫੱਟੇ 'ਤੇ ਲਿਖਿਆ ਬਾਬੇ ਵੱਲੋਂ ਪਿੰਡ ਦਾ ਨਾਂ 'ਧਰਮਪੁਰਾ' ਕੇਵਲ ਨਾਂ ਦਾ ਰਹਿ ਗਿਆ ਸੀ।

ਰੰਗਾਈ ਦੀਆਂ ਮਸ਼ੀਨਾਂ 'ਤੇ ਕੰਮ ਕਰਦੇ ਵਿਕਾਸ ਦੀ ਅਵਾਜ਼ ਨੇ ਮੇਰੀਆਂ ਸੋਚਾਂ ਨੂੰ ਤੋੜ ਦਿੱਤਾ ਸੀ। ਉਸ ਨੂੰ ਰੰਗਾਈ ਨਾਲ ਸੰਬੰਧਤ ਕੁਝ ਕੈਮੀਕਲ ਪਦਾਰਥ ਚਾਹੀਦੇ ਸਨ। ਜੋ ਸਟੋਰ ਵਿਚ ਪਏ ਸਨ। ਜਿਸ ਦੀ ਚਾਬੀ ਮੇਰੇ ਕੋਲ ਸੀ। ਰੰਗ ਦੇ ਡੱਬੇ ਚੁੱਕ ਕੇ ਮੈਂ ਕਾਰਖਾਨੇ ਦੇ ਪਰਲੇ ਪਾਸੇ ਤੁਰ ਪਿਆ ਸੀ। ਇਝ ਹੀ ਸ਼ਾਮ ਢਲ ਗਈ ਸੀ। ਤੇ ਵਰਕਰਾਂ ਦੀ ਛੁੱਟੀ ਦਾ ਸਮਾਂ ਹੋ ਗਿਆ ਸੀ। ਸਭ ਨੂੰ ਭੇਜ ਕੇ ਬਾਬੂ ਤੋਂ ਆਗਿਆ ਲੈ ਕੇ ਘਰ ਨੂੰ ਤੁਰ ਪਿਆ ਸੀ। ਸਾਰਾ ਦਿਨ ਏਧਰ-ਉਧਰ ਭੱਜਦਾ ਥੱਕ ਜਾਂਦਾ ਸੀ। ਮੈਂ ਇਥੋਂ ਭੱਜਣਾ ਚਾਹੁੰਦਾ ਸੀ ਪਰ ਕਰ ਕੀ ਸਕਦਾ ਸੀ। ਘਰ ਦੇ ਨਿਆਣਿਆਂ ਦੇ ਖਰਚੇ ਐਨੇ ਵਧ ਗਏ ਸਨ ਕਿ ਵਿਹਲੇ ਰਹਿ ਕੇ ਸਰਦਾ ਨਹੀਂ ਸੀ, ਜੋ



ਜ਼ਮੀਨ ਬਚੀ ਸੀ। ਮੇਰੇ ਹਿੱਸੇ ਦਸ ਕਨਾਲ ਆਉਂਦੀ ਸੀ। ਉਹ ਭਾਵੇਂ ਕਰੋੜਾਂ ਰੁਪਏ ਦੀ ਸੀ ਪਰ ਉਹਦੀ ਮਾਲਕੀ ਨੂੰ ਲੈ ਕੇ ਨੰਬਰਦਾਰ ਜਰਨੈਲ ਸਿੰਘ ਨਾਲ ਕੇਸ ਚੱਲ ਪਿਆ ਸੀ। ਜਿਸ ਨੂੰ ਵੇਚਿਆ ਨਹੀਂ ਸੀ, ਜਾ ਸਕਦਾ। ਕੇਸ ਦਾ ਸਾਰਾ ਖਰਚ ਵੱਡੇ ਭਰਾ ਕਰ ਰਹੇ ਸਨ। ਮੇਰੀ ਸਥਿਤੀ ਐਨੀ ਪਤਲੀ ਸੀ ਕਿ ਮੇਰੇ ਕੋਲੋਂ ਸਾਇਕਲ ਛੁੱਟ ਨਹੀਂ ਸੀ ਰਿਹਾ। ਗਰੀਬੀ ਨੇ ਇਕ ਵਾਰ ਤਾਂ ਮੇਰੀਆਂ ਘੀਸੀਆਂ ਕਰਵਾ ਦਿੱਤੀਆਂ ਸਨ। ਸ਼ਾਇਦ ਜ਼ਮੀਨ ਮੇਰੀ ਔਲਾਦ ਨੂੰ ਮਿਲ ਜਾਵੇ। ਅੱਧੀ ਉਮਰ ਭੋਗ ਲਈ ਹੈ, ਅੱਧੀ ਰਹਿ ਗਈ ਹੋਵੇਗੀ। ਉਂਝ ਤਾਂ ਕੱਲ੍ਹ ਦਾ ਨਹੀਂ ਪਤਾ। ਨਿਆਣੇ ਜੁਆਨ ਹੋ ਗਏ ਹਨ। ਜੇ ਮੇਰਾ ਕਿਸੇ ਸਰਕਾਰੀ ਦਫ਼ਤਰ ਵਿਚ ਨੌਹ ਅੜ ਜਾਂਦਾ ਤਾਂ ਹਾਲਤ ਸੁਧਰ ਜਾਂਦੀ ਪਰ ਕੱਚਾ ਮਾਸਟਰ ਬਣ ਕੇ ਸਬਰ ਕਰ ਲਿਆ।

ਸੋਚਦਿਆਂ ਮੈਂ ਸਾਇਕਲ ਕਾਰਖਾਨੇ ਤੋਂ ਬਾਹਰ ਕੱਢਿਆ ਤੇ ਸਿਨਹਾ ਲੈਦਰ ਕੰਪਨੀ ਵੱਲ ਮੋੜ ਲਿਆ। ਭਾਰਦਵਾਜੀਆਂ ਦੇ ਕਾਰਖਾਨੇ ਕੋਲ ਪਹੁੰਚ ਕੇ ਪੈਂਡਲ ਜ਼ੋਰ ਦੀ ਮਾਰਿਆ ਤੇ ਚੈਨ ਘੜੱਚ ਕਰਕੇ ਟੁੱਟ ਗਈ। ਪਿੱਛਿਓਂ ਵਿਜੈ ਸਾਗਰ ਮੋਟਰ ਸਾਈਕਲ ਲਈ ਆਉਂਦਾ ਰੁਕ ਗਿਆ, "ਕੀ ਹੋਇਆ ਚਾਚਾ!" ਉਹ ਸਾਇਕਲ ਦੀ ਚੈਨ ਵੱਲ ਦੇਖਦਾ ਫਿਰ ਬੋਲਿਆ।

"ਹੁਣ ਸਾਇਕਲ ਨੂੰ ਕਾਰਖਾਨੇ ਖੜਾ ਕਰ ਦਿਓ ਤੇ ਬੈਠੋ ਮੇਰੇ ਪਿੱਛੇ ਘਰ ਨੂੰ ਚੱਲੀਏ।" ਵਿਜੈ ਹੁਕਮ ਕਰਦਾ ਹੈ। ਮੈਨੂੰ ਵੀ ਠੀਕ ਲੱਗਦਾ ਹੈ। ਵਿਜੈ ਸਾਗਰ ਨੂੰ ਇਥੇ ਕੰਮ ਕਰਦਿਆਂ ਕਾਫੀ ਸਾਲ ਹੋ ਗਏ ਸਨ। ਤੇ ਉਹਨੂੰ ਕਾਰਖਾਨੇ ਦੇ ਬਾਬੂ ਕਲਕੱਤੇ ਵੱਲ ਟੂਰ 'ਤੇ ਵੀ ਭੇਜਦੇ ਹਨ। ਹੇਠ-ਉੱਤੇ ਕਰਕੇ ਉਹ ਮੋਟੀ ਕਮਾਈ ਕਰਨ ਲੱਗ ਪਿਆ ਹੈ।

ਵਿਜੈ ਸਾਗਰ ਦੇ ਪਿੱਛੇ ਬੈਠਾ ਮੈਂ ਭਾਪੇ ਬਾਰੇ ਸੋਚਣ ਲੱਗ ਜਾਂਦਾ ਹਾਂ। ਮੇਰੇ ਅੱਗੇ ਉਹ ਸਮਾਂ ਆ ਖੜਦਾ ਹੈ ਜਦੋਂ ਪਿੰਡ 'ਚ ਚੰਮ ਰੰਗਣ ਦਾ ਕੰਮ ਘਟਣ ਲੱਗ ਪਿਆ ਸੀ। ਸਾਡੀਆਂ ਅੱਧੀਆਂ ਕੁੰਨਾਂ ਸੁੱਕ ਗਈਆਂ ਸਨ। ਰੰਗਾਈ ਵਾਲੇ ਕੁਝ ਤਾਂ ਮੁੜ ਮਰੇ ਡੰਗਰ ਚੁੱਕਣ ਲੱਗ ਪਏ ਸਨ, ਕੁਝ ਚਮੜਾ ਨਗਰ ਦੇ ਕਾਰਖਾਨਿਆਂ 'ਚ ਜਾ ਲੱਗੇ ਸਨ। ਭਾਪਾ ਉੱਜੜੀਆਂ ਥੇਹ ਬਣ ਗਈਆਂ ਕੁੰਨਾਂ ਨੇੜੇ ਬੈਠਾ ਹੁੱਕਾ ਪੀਂਦਾ ਰਹਿੰਦਾ। ਪਿੰਡ 'ਚ ਸੜਕ ਕਿਨਾਰੇ ਮਾਰਬਲ ਦੀਆਂ ਦੁਕਾਨਾਂ 'ਤੇ ਪਿਆ ਚਿੱਟਾ ਪੱਥਰ ਵੇਖ ਕੇ ਉਹਦੀਆਂ ਅੱਖਾਂ 'ਚ ਚਿੱਟਾ ਮੋਤੀਆਂ ਉਤਰ ਆਉਂਦਾ। ਉਹਨੂੰ ਇੰਝ ਲੱਗਦਾ, ਜਿਵੇਂ ਉਹ ਸਿੰਧੂ ਘਾਟੀ ਦੇ ਖੰਡਰਾਂ ਵਿਚ ਬੈਠਾ ਹੁੱਕਾ ਪੀ ਰਿਹਾ ਹੋਵੇ।

ਜਦੋਂ ਕੁ ਕੱਚੀਆਂ ਕੁੰਨਾਂ ਪੂਰਨ ਹੋਣ ਉਪਰੰਤ ਮਾਰਬਲ ਦੀਆਂ ਦੁਕਾਨਾਂ ਤੇ ਚਿੱਟੇ ਮਾਰਬਲ ਦੀਆਂ ਗੱਡੀਆਂ ਲੱਥਣ ਲੱਗੀਆਂ ਸਨ ਤਾਂ ਕੋਟੀਆਂ ਦਾ ਬਜ਼ੁਰਗ ਰੂੜਾ ਰਾਮ ਵਿਰਦੀ ਪੂਰੀ ਤਰ੍ਹਾਂ ਉੱਖੜ ਗਿਆ ਸੀ। ਕੁਝ ਚਿਰ ਚਮੜਾ ਨਗਰ ਦੀ ਸੋਹਣ ਸਿੰਘ ਸ਼ੰਕਰ ਸਿੰਘ ਮਠਾਰੂ ਹਾਇਡ ਕੰਪਨੀ 'ਚ ਵੀ ਕੰਮ ਕੀਤਾ ਸੀ ਪਰ ਉਥੇ ਮਸਾਂ ਹੀ ਮਹੀਨਾ ਕੁ ਹੀ ਟਿਕ ਸਕਿਆ ਸੀ। ਰਾਤ ਨੂੰ ਸੁੱਤੇ ਪਿਆਂ ਉਹ ਬੁੜ-ਬੁੜ ਕਰਨ ਲੱਗ ਪੈਂਦਾ, ਜਦੋਂ ਉਹਦੀ ਬੁੜ-ਬੁੜ ਵਧਦੀ ਗਈ ਤਾਂ ਘਰਦਿਆਂ ਨੇ ਉਹਨੂੰ ਉਥੋਂ ਹਟਾ ਲਿਆ ਸੀ। ਉਹ ਕਦੇ ਕਦੇ ਭਾਪਾ ਜੀ ਕੋਲ ਸੁੱਕੀਆਂ ਕੁੰਨਾਂ ਕੋਲ ਆ ਬੈਠਦਾ। ਉਹਨੂੰ ਹੁੱਕੇ ਦੀ ਤਲਬ ਲੱਗਦੀ। ਉਹ ਭਾਪੇ ਨੂੰ ਹਾਕ ਮਾਰ ਲੈਂਦਾ, "ਚੌਧਰੀ ਮੱਲ ਜੀਓ! ਚਮੜਾ ਨਗਰ ਦੇ ਕਾਰਖਾਨਿਆਂ 'ਚ ਹਾਥੀ ਜਿੱਡੀਆਂ-ਜਿੱਡੀਆਂ ਮਸ਼ੀਨਾਂ ਦੇਖ ਕੇ ਤਾਂ ਮੈਂ ਡਰ ਜਿਹਾ ਗਿਆ। ਇਕ ਬੰਦਾ ਬਟਨ ਦੱਬਦਾ ਆ ਤਾਂ ਚਮੜਾ ਰੰਗਣ ਵਾਲੇ ਢੋਲ ਘੁੰਮਣ ਲੱਗ ਪੈਂਦੇ ਆ... ਦਿਓ ਅਕਾਰ ਦਾ ਜਿਵੇਂ ਸੜਕ 'ਤੇ ਪਰਲੂ ਦਾ ਚੱਕਾ ਚੱਲਦਾ ਹੋਵੇ, ਜਿਵੇਂ ਸਾਰਿਆ ਨੂੰ ਦਰੜ ਕੇ ਲੰਘਦਾ ਜਾਂਦਾ ਹੋਵੇ... ਬਟਣ ਦੱਬਣ ਨਾਲ ਚਮੜਾ ਰੰਗਣ ਵਾਲੀ ਢੋਲ ਘੁੰਮਣ ਲੱਗ ਪੈਂਦੀ ਆ। ਘੁੰਮੀ ਜਾਂਦੀ ਆ... ਉਨ੍ਹਾਂ 'ਚੋਂ ਬੜੀ ਡਰਾਉਣੀ ਆਵਾਜ਼ ਨਿਕਲਦੀ ਆ। ਕਦੇ ਕਦੇ ਤਾਂ ਐਂ ਲੱਗਦਾ ਜਿਵੇਂ ਆਪਾਂ ਸਾਰਿਆਂ ਨੂੰ ਇਹ ਕਾਰਖਾਨੇ ਵਾਲੇ ਡਰੰਮਾਂ ਵਿਚ ਪਾ ਕੇ ਆਪਣੀ ਚਮੜੀ ਨੂੰ ਰੰਗੀ ਜਾਂਦੇ ਹੋਣ... ਦੂਜੀ ਮਸ਼ੀਨ ਚਮੜੇ ਨੂੰ ਧੋਈ ਜਾਂਦੀ ਆ... ਤੀਜੀ ਮਸ਼ੀਨ ਵਿਚੋਂ ਦੋ ਲੇਬਰ ਵਾਲੇ ਚਮੜੇ ਨੂੰ ਵਿਚੋਂ ਲੰਘਾ ਕੇ ਪਾਣੀ ਸੁਕਾ ਦਿੰਦੇ ਆ...

ਚੋਥੀ ਸਾਰੇ ਚਮੜੇ ਨੂੰ ਸੁਕਾ ਕੇ ਬਾਹਰ ਸੁੱਟ ਦਿੰਦੀ ਆ... ਪੰਜਵੀਂ ਮਸ਼ੀਨ ਵਾਧੂ ਤੇ ਉਭਰਵੇਂ ਚੰਮ ਨੂੰ ਕਟਰ ਨਾਲ ਕੱਟ ਕੇ ਬਾਹਰ ਕੱਢ ਦਿੰਦੀ ਆ। ਛੇਵੀਂ ਉਹਦੀ ਮਿਣਤੀ ਕਰਦੀ ਹੈ, ਸੱਤਵੀਂ ਉਹਦੇ 'ਤੇ ਡਿਜ਼ਾਇਨ ਪਾ ਦਿੰਦੀ ਆ। ਫੇਰ ਇਕ ਹੋਰ ਮਸ਼ੀਨ ਉਹਨੂੰ ਪਾਲਸ ਕਰ ਦਿੰਦੀ ਆ। ਮਸ਼ੀਨਾਂ 'ਤੇ ਕੰਮ ਕਰਨ ਵਾਲੇ ਆਪਣੇ ਭਾਈ ਭਰਾ ਵੀ ਮਸ਼ੀਨਾਂ ਵਾਂਗ ਹੱਥ-ਪੈਰ ਹਿਲਾ-ਹਿਲਾ ਕੇ ਕੰਮ ਕਰੀ ਜਾਂਦੇ ਆ। ਬੰਦੇ ਤੇ ਮਸ਼ੀਨਾਂ 'ਚ ਕੋਈ ਫਰਕ ਈ ਨੀਂ ਲੱਗਦਾ, ਜੇ ਕੋਈ ਮਸ਼ੀਨ ਬਣਿਆ ਬੰਦਾ ਭੋਰਾ ਸਾਹ ਲੈਂਦਾ ਆ ਤਾਂ ਬਟਣ ਬਣਿਆਂ ਫੋਰਮੈਨ ਉਹਨੂੰ ਦਬਕਾ ਮਾਰ ਕੇ ਫਿਰ ਚਲਾ ਦਿੰਦਾ ਹੈ। ਭਰਾਵਾਂ ਬੰਦਾ ਤਾਂ ਕਾਰਖਾਨੇ ਵਿਚ ਕੰਮ ਕਰਨ ਵਾਲਾ ਰਿਹਾ ਹੀ ਨਹੀਂ। ਸਾਹ ਸੱਤ-ਹੀਣ ਨਿਰੀਆਂ ਮਸ਼ੀਨਾਂ...।" ਰੂੜਾ ਕੋਲਿਆਂ ਦੀ ਚਿਲਮ ਵਿਚ ਪਾਈ ਕੋਲਿਆਂ ਦੀ ਅੱਗ ਨੂੰ ਮਘਾਉਣ ਲਈ ਸਾਹੋ-ਸਾਹ ਹੋਇਆ ਸੂਟੇ ਖਿਚਣ ਲੱਗ ਪੈਂਦਾ ਹੈ।

"ਓਏ ਰੂੜਿਆ ਇਹਨੂੰ ਮਸ਼ੀਨੀ ਯੁੱਗ ਕਹਿੰਦੇ ਆ, ਇਸ ਯੁੱਗ ਵਿਚ ਹੱਥੀਂ ਕੰਮ ਕਰਨ ਵਾਲਿਆਂ ਨੇ ਮਰਨਾ ਹੀ ਮਰਨਾ ਹੈ। ਅਸੀਂ ਪਿੰਡ ਵਾਲੇ ਮਸ਼ੀਨਾਂ ਨਾਲ ਤੁਰ ਨਹੀਂ ਸਕੇ ਤੇ ਦੇਖ ਲਾ ਮਾਰੇ ਗਏ। ਪਿੰਡ 'ਚ ਸਾਰੇ ਚਮੜਾ ਰੰਗਣ ਦੇ ਕਾਰਖਾਨੇ ਬੰਦ ਹੋ ਗਏ। ਭਰਾਵਾ ਕਰਨ ਵੀ ਕੀ ਫੇ.. ਉਨ੍ਹਾਂ ਦੇ ਰੰਗੇ ਚਮੜੇ ਨੂੰ ਕੌਡੀਆਂ ਦੇ ਭਾਅ ਨੀਂ ਸੀ ਕੋਈ ਪੁੱਛਦਾ। ਸਾਡੇ ਮੁੰਡੇ ਫੇ ਡੰਗਰਾਂ ਦਾ ਚੰਮ ਲਾਹੁਣ ਜੋਗੇ ਜਾਂ ਚੰਮ ਰੰਗਣ ਵਾਲਿਆਂ ਕਾਰਖਾਨਿਆਂ ਵਿਚ ਢੋਲਾਂ ਵਿਚ ਚੰਮ ਰੰਗਣ ਜੋਗੇ ਰਹਿ ਗਏ। ... ਤੈਨੂੰ ਪਤਾ ਈ ਆ ਰੂੜਿਆ ਬਈ ਮੈਂ ਵੀ ਪਿੰਡ ਮਸ਼ੀਨਾਂ ਏਥੇ ਲਿਆਂਦੀਆਂ ਸਨ। ਭਾਵੇਂ ਦੇਸੀ ਸਨ... ਬਿਜਲੀ ਮਹਿਕਮੇ ਨੇ ਵੱਡਾ ਮੀਟਰ ਨੀਂ ਲੱਗਣ ਦਿੱਤਾ... ਦੂਜੇ ਪਾਸੇ ਚਮੜਾ ਨਗਰ ਵਿਚ ਵੱਡੇ ਮੀਟਰ ਲੱਗ ਰਹੇ ਸਨ। ਹਾਥੀ ਜਿੱਡੀਆਂ ਮਸ਼ੀਨਾਂ ਭਲਾ ਹੱਥਾਂ ਨਾਲ ਥੋੜਾ ਚੱਲਣੀਆਂ ਸਨ। ਫੇ 'ਚਮੜਾ ਨਗਰ ਪਲਾਟ ਲੈ ਕੇ ਵੀ ਕੋਸ਼ਿਸ਼ ਕੀਤੀ, ਉਥੇ ਵੀ ਗੱਲ ਨਾ ਬਣੀ... ਹਥਿਆਰ ਸੁੱਟ ਕੇ ਸੁੱਕੀਆਂ ਕੁੰਨਾਂ ਨੇੜੇ ਭੜਾਸ ਕੱਢਣ ਜੋਗੇ ਰਹਿ ਗਏ। ਭਾਪਾ ਬੁੱਝਦੇ ਜਾਂਦੇ ਹੁੱਕੇ ਦੀ ਚਿਲਮ ਨੂੰ ਮੱਘਾਉਣ ਦੀ ਕੋਸ਼ਿਸ਼ ਕਰਨ ਲੱਗ ਜਾਂਦਾ। ਭਾਪਾ ਅਕਸਰ ਹੀ ਕਦੇ ਕਿਸੇ ਨਾਲ ਅਤੇ ਕਦੇ ਕਿਸੇ ਨਾਲ ਬਹਿਸ ਕਰਨ ਲੱਗ ਜਾਂਦਾ। ਕਦੇ-ਕਦੇ ਤਲਖੀ ਵਿਚ ਵੀ ਆ ਜਾਂਦਾ ਤੇ ਸੁੱਕੀਆਂ ਕੁੰਨਾਂ ਵੱਲ ਦੇਖ ਕੇ ਉਨ੍ਹਾਂ ਨੂੰ ਘੂਰਨ ਲੱਗ ਜਾਂਦਾ।

ਫਿਰ ਉਸ ਨੇ ਕੁਝ ਚਿਰ ਕੱਚੇ ਚੰਮ ਦੀ ਆੜ੍ਹਤ ਸ਼ੁਰੂ ਕਰ ਲਈ। ਉਹ ਆਲੇ-ਦੁਆਲੇ ਦੀਆਂ ਹੱਡਾ ਰੋੜੀਆਂ ਤੋਂ ਚੰਮ ਲੈ ਲੈਂਦਾ ਤੇ ਫਿਰ ਜਾਂ ਤਾਂ ਬੂਟਾ ਮੰਡੀ ਦੇ ਵੱਡੇ ਸੇਠਾਂ ਨੂੰ ਦੇ ਦਿੰਦਾ ਜਾਂ ਸਿੱਧਾ ਕਲਕੱਤੇ ਨੂੰ ਭੇਜ ਦਿੰਦਾ। ਜਿਹੜਾ ਭਾਪੇ ਦੇ ਹੱਥੀਂ ਚੰਮ ਦਾ ਰੰਗ ਚੜ੍ਹਦਾ ਸੀ ਉਹਦੀ ਵੱਖਰੀ ਪਛਾਣ ਸੀ। ਉਹੋ ਜਿਹਾ ਰੰਗ ਇਲਾਕੇ 'ਚ ਕੋਈ ਚਾਮੜੀ ਨਹੀਂ ਸੀ ਚਾੜ੍ਹ ਸਕਿਆ। ਜਦੋਂ ਬੂਟਾ ਮੰਡੀ ਪੱਕੀ ਆੜ੍ਹਤ 'ਤੇ ਚੰਮ ਲੈ ਕੇ ਜਾਂਦਾ ਤਾਂ ਉਥੋਂ ਦੇ ਸੇਠ ਝੱਟ ਪਛਾਣ ਲੈਂਦੇ ਸੀ ਕਿ ਇਹ ਰਾਜੂ ਮੱਲ ਦਾ ਰੰਗਿਆ ਚਮੜਾ ਹੈ। ਉਹ ਲਾਖ 'ਚ ਕਾਲਖ ਦਾ ਘੋਲ ਬਣਾ ਕੇ ਕਿੱਕਰ ਦੇ ਰੰਗ ਵਾਲੇ ਘੋਲ ਵਿਚ ਪਾਉਂਦਾ ਸੀ, ਚਮੜੇ ਨੂੰ ਸ਼ਤੀਰ ਨਾਲ ਟੰਗ ਕੇ ਪੂਰੇ ਪੰਦਰਾਂ ਦਿਨ ਰੰਗਾਈ ਕਰਦਾ ਸੀ। ਪਰ ਜਦੋਂ ਉਹ ਚਮੜਾ ਨਗਰ 'ਚ ਮਸ਼ੀਨਾਂ ਰਾਹੀਂ ਤਰ੍ਹਾਂ ਤਰ੍ਹਾਂ ਦੇ ਰੰਗ ਚਮੜੇ ਨੂੰ ਚੜ੍ਹਦੇ ਦੇਖਦਾ ਤਾਂ ਉਹ ਕਾਫੀ ਪਰੇਸ਼ਾਨ ਹੋ ਜਾਂਦਾ। ਉਹਨੂੰ ਮਸ਼ੀਨਾਂ ਡੈਣ ਦੀ ਸ਼ਕਲ ਵਰਗੀਆਂ ਲੱਗਣ ਲੱਗਦੀਆਂ। ਉਹ ਅਕਸਰ ਹੀ ਕਹਿੰਦਾ, "ਇਨ੍ਹਾਂ ਮਸ਼ੀਨਾਂ ਨੇ ਤਾਂ ਸਾਨੂੰ ਰੜੇ ਮੈਦਾਨ ਬਿਠਾ ਦਿੱਤਾ। ਰਹਿੰਦੀ ਕਸਰ ਸਰਕਾਰੀ ਬੰਦਿਆਂ ਨੇ ਕੱਢ ਦਿੱਤੀ। ਸਾਨੂੰ ਉਜਾੜ ਕੇ।" ਸੁਣਨ ਵਾਲਾ ਕਹਿੰਦਾ, ਬਜ਼ੁਰਗੋ ਹੁਣ ਦਾ ਯੁੱਗ ਮਸ਼ੀਨੀ ਯੁੱਗ ਆ, ਹੱਥਾਂ ਨਾਲ ਕੰਮ ਕਰਨ ਦਾ ਸਮਾਂ ਨਹੀਂ। ਜਿਹੜਾ ਚੰਮ ਤੁਸੀਂ ਵੀਹ ਪੱਚੀ ਦਿਨ ਵਿਚ ਤਿਆਰ ਕਰਦੇ ਸੀ, ਮਸ਼ੀਨਾਂ ਦੋ-ਤਿੰਨ ਦਿਨਾਂ ਵਿਚ ਤਰ੍ਹਾਂ-ਤਰ੍ਹਾਂ ਦੇ ਰੰਗ ਦੇ ਕੇ ਬਾਹਰ ਕੱਢ ਮਾਰਦੀ ਹੈ। ਨਾਲ-ਨਾਲ ਉਹ ਮੋਟਾਈ ਠੀਕ ਕਰਦੀ ਹੈ, ਮੁਲਾਇਮ ਕਰਦੀ ਹੈ। ਤਰ੍ਹਾਂ-ਤਰ੍ਹਾਂ ਦੇ ਡਿਜ਼ਾਇਨ ਬਣਾ ਦਿੰਦੀ ਹੈ। ਤੁਸੀਂ ਦੱਸੋ ਮਸ਼ੀਨੀ ਕੰਮ ਚੰਗਾ ਜਾਂ ਤੁਹਾਡਾ ਹੱਥੀਂ ਚਮੜਾ ਰੰਗਣਾ ਚੰਗਾ, ਅੱਜ ਦਾ ਸਮਾਂ ਮਸ਼ੀਨੀ ਹੈ, ਹੱਥਾਂ ਨਾਲ ਕੰਮ



ਕਰਨ ਦਾ ਸਮਾਂ ਨਹੀਂ। ਚੌਧਰੀ ਸਾਹਿਬ ਤੁਹਾਡੇ ਹੱਥੀਂ ਰੰਗੇ ਚੰਮ ਦੇ ਰੰਗ ਦਾ ਹੁਣ ਸਮਾਂ ਨਹੀਂ, ਬੂਟ ਬਣਾਉਣ ਵਾਲੇ ਵਪਾਰੀ ਮਸ਼ੀਨੀ ਰੰਗੇ ਚਮੜੇ ਤੋਂ ਤਿਆਰ ਬੂਟ ਬਣਾਉਣ ਨੂੰ ਕਮਾਈ ਆਲਾ ਕੰਮ ਸਮਝਦੇ ਆ।" ਭਾਪਾ ਅੱਗੋਂ ਤਲਖ ਹੋ ਜਾਂਦਾ। ਉਹਦੇ ਕੋਲ ਦਲੀਲਾਂ ਮੁੱਕ ਜਾਂਦੀਆਂ ਤੇ ਸੁੱਕ ਜਾਂਦੀਆਂ। ਫੇਰ ਉਹ ਖਿਝ ਜਾਂਦਾ। ਗਾਲਾਂ ਕੱਢਣ ਲੱਗ ਪੈਂਦਾ। ਇਸ ਦੌਰਾਨ ਵਿਜੇ ਵਿਚ-ਵਿਚ ਕੋਈ ਨਿੱਕੀ ਗੱਲ ਕਰਦਾ, ਮੈਂ ਹੁੰਗਾਰਾ ਦੇ ਦਿੰਦਾ। ਫਿਰ ਉਸ ਨੇ ਘਰ ਮੂਹਰੇ ਮੋਟਰ ਸਾਇਕਲ ਲਿਆ ਖੜਾ ਕੀਤਾ। ਮੈਂ ਚੰਮ ਦੇ ਰੰਗ ਬਾਰੇ ਸੋਚਦਾ ਘਰ ਵੱਲ ਨੂੰ ਹੋ ਤੁਰਿਆ। ਮੈਨੂੰ ਆਪਣਾ ਆਪਾ ਮਸ਼ੀਨ ਲੱਗਣ ਲੱਗ ਪਿਆ। ਮੇਰੀ ਚਮੜੀ ਦਾ ਰੰਗ ਕਦੇ ਕਾਲਾ ਹੋ ਜਾਂਦਾ, ਕਦੇ ਲਾਲ ਲੱਗਣ ਲੱਗ ਪੈਂਦਾ, ਕਦੇ ਪੀਲੀ ਭਾਹ ਮਾਰਨ ਲੱਗਦਾ। ਕਦੇ ਸੰਤਰੀ ਹੋ ਜਾਂਦਾ ਤੇ ਕਦੇ ਚਿੱਟਾ ਹੋ ਜਾਂਦਾ। ਕਦੇ ਗੂੜ੍ਹਾ ਬੈਂਗਨੀ... 'ਭਾਪੇ ਨੂੰ ਵੀ ਹੁਣ ਏਦਾਂ ਹੀ ਲੱਗਦਾ ਹੋਵੇਗਾ।' ਮੈਂ ਸੋਚਦਾ।

ਅੱਜ ਸਵੇਰੇ ਮੈਂ ਸਾਇਕਲ ਚੁੱਕ ਕੇ ਚਮੜਾ ਨਗਰ ਵੱਲ ਤੁਰ ਪਿਆ ਸੀ। ਉਦੋਂ ਵੀ ਸਾਇਕਲ ਮੈਨੂੰ ਜਿੱਡਾ ਜਿਹਾ ਚੱਲਦਾ ਲੱਗਦਾ ਸੀ। ਪਰ ਮੈਂ ਜ਼ੋਰ ਲਾ ਕੇ ਖਿੱਚੀ ਗਿਆ ਸੀ। ਮੇਰੇ ਪਿੱਛੋਂ ਕੁਝ ਹੋਰ ਲੋਕ ਵੀ ਸਾਇਕਲਾਂ 'ਤੇ ਅੱਗੜ-ਪਿੱਛੜ ਚਮੜਾ ਨਗਰ ਦੇ ਚਮੜਾ ਰੰਗਣ ਵਾਲੇ ਕਾਰਖਾਨਿਆਂ 'ਚ ਜਾਂਦੇ ਸਨ। ਲਾਲਿਆਂ ਦੇ ਕਾਰਖਾਨੇ ਤੋਂ ਇਕ ਜੀਪ ਸਾਡੇ ਪਿੱਛੋਂ ਔਰਤਾਂ ਦੀ ਭਰ ਕੇ ਜਾਂਦੀ ਸੀ, ਜੋ ਕਿ ਖੱਲਾਂ ਨੂੰ ਇਧਰ-ਉਧਰ ਮਸ਼ੀਨਾਂ 'ਚ ਲਿਜਾਣ ਦਾ ਕੰਮ ਕਰਦੀਆਂ ਸਨ। ਬਸਤੀਆਂ ਲੰਘ ਮੈਂ ਗੰਦੇ ਨਾਲੇ ਵਾਲੀ ਸੜਕੇ ਪੈ ਗਿਆ। ਸ਼ਹਿਰ ਤੇ ਸ਼ਰਾਬ ਫੈਕਟਰੀ ਦਾ ਗੰਦਾ ਪਾਣੀ ਬੜੀ ਤੇਜ਼ੀ ਨਾਲ ਵਾਟਰ ਟਰੀਟਮੈਂਟ ਪਲਾਂਟ ਵੱਲ ਵਧ ਰਿਹਾ ਸੀ। ਪੁਲ਼ ਪਾਰ ਕਰਕੇ ਮੈਂ ਚਮੜਾ ਨਗਰ ਵਾਲੀ ਸੜਕੇ ਪੈ ਗਿਆ। ਏਥੇ ਸ਼ਹਿਰ ਦੀ ਕਾਰਪੋਰੇਸ਼ਨ ਦਾ ਠੇਕੇਦਾਰ ਗੰਦੇ ਨਾਲੇ ਨੂੰ ਅੰਡਰ ਗਰਾਊਂਡ ਕਰਨ ਦਾ ਕੰਮ ਕਰਵਾ ਰਿਹਾ ਸੀ। ਦੂਰ ਸੱਜੇ ਪਾਸੇ ਚਮੜਾ ਨਗਰ ਦਿਸਣ ਲੱਗ ਪਿਆ ਸੀ, ਜਿਸ ਦੇ ਨੁੱਕਰੇ ਵਾਟਰ ਟਰੀਟਮੈਂਟ ਪਲਾਂਟ ਦੀ ਇਮਾਰਤ ਦਿਸਣ ਲੱਗ ਪਈ ਸੀ। ਚਮੜਾ ਨਗਰ ਦੇ ਕਾਰਖਾਨਿਆਂ ਦਾ ਸਾਰਾ ਜ਼ਹਿਰੀਲਾ ਪਾਣੀ ਟਰੀਟਮੈਂਟ ਪਲਾਂਟ 'ਚ ਟਰੀਟ ਹੋ ਕੇ ਅੱਗੇ ਭੇਜਿਆ ਜਾਂਦਾ ਸੀ। ਕਈ ਏਕੜਾਂ 'ਚ ਫੈਲਿਆ ਚਮੜਾ ਨਗਰ ਨਾਲ ਸ਼ਹਿਰ ਜੁੜਦਾ ਜਾ ਰਿਹਾ ਸੀ। ਜਦੋਂ ਇਹ ਬਣਿਆ ਸੀ ਤਾਂ ਉਦੋਂ ਸ਼ਹਿਰੋਂ ਬਹੁਤ ਦੂਰ ਸੀ। ਏਧਰੋਂ-ਉਧਰੋਂ ਕਾਰਖਾਨੇ 'ਚ ਕੰਮ ਕਰਨ ਵਾਲੀ ਲੇਬਰ ਆਉਣੀ ਸ਼ੁਰੂ ਹੋ ਗਈ ਸੀ। ਜਦੋਂ ਮੈਂ ਏਥੇ ਲੱਗਾ ਸੀ ਤਾਂ ਮੈਨੂੰ ਪਹਿਲਾਂ ਕੱਚੇ ਚਮੜੇ ਦੇ ਯੂਨਿਟ ਦੀ ਨਿਗਰਾਨੀ ਲਈ ਰੱਖਿਆ ਗਿਆ ਸੀ। ਜਿੱਥੇ ਹਵਾੜ ਤੇ ਮੁਸ਼ਕ ਦਾ ਅੰਤ ਨਹੀਂ ਸੀ। ਏਥੋਂ ਹੀ ਚਮੜੇ ਨੂੰ ਰੰਗਣ ਤੋਂ ਪਹਿਲਾਂ ਸਾਫ ਕੀਤਾ ਜਾਂਦਾ ਸੀ। ਫਿਰ ਮੈਨੂੰ ਚਮੜਾ ਰੰਗਣ ਤੇ ਫਾਈਨਲ ਟਚ ਦੇਣ ਵਾਲੇ ਯੂਨਿਟ ਦੀ ਨਿਗਰਾਨੀ ਕਰਨ ਲਾ ਦਿੱਤਾ ਸੀ। ਏਥੇ ਪਹਿਲਾਂ ਵੱਡੇ ਅਕਾਰ ਦੇ ਗੋਲ ਢੋਲਾਂ 'ਚ ਚਮੜਾ ਤੇ ਕੈਮੀਕਲ, ਪਾਣੀ ਤੇ ਰੰਗ ਪਾ ਕੇ ਬੰਦ ਕਰ ਦਿੱਤਾ ਜਾਂਦਾ ਸੀ। ਜਿਹੜੇ ਕਿ ਇਕ ਧੁਰੇ ਦੁਆਲੇ ਪੰਘੂੜੇ ਵਾਂਗ ਘੁੰਮਦੇ ਸਨ। ਪੂਰੀ ਇਕ ਦਿਹਾੜੀ ਘੁੰਮੀ ਜਾਂਦੇ ਸਨ ਤਾਂ ਕਿਤੇ ਜਾ ਕੇ ਚਮੜੇ ਨੂੰ ਲਾਲ, ਕਾਲਾ, ਭੂਰਾ ਰੰਗ ਚੜ੍ਹਦਾ ਸੀ। ਫਿਰ ਦਿਹਾੜੀਦਾਰ ਢੋਲਾਂ 'ਚੋਂ ਚਮੜੇ ਨੂੰ ਕੱਢ ਕੇ ਪਾਣੀ ਵਾਲੇ ਡਰੰਮ 'ਚ ਸੁੱਟ ਕੇ ਬੰਦ ਕਰਕੇ ਬਿਜਲੀ ਨਾਲ ਘੁਮਾਉਂਦੇ, ਦੂਜੀ ਮਸ਼ੀਨ ਕੱਲੇ-ਕੱਲੇ ਚਮੜੇ ਦਾ ਪਾਣੀ ਸੁਕਾਉਂਦੀ, ਇਸ ਤਰ੍ਹਾਂ ਦਸ ਬਾਰਾਂ ਮਸ਼ੀਨਾਂ ਵਿਚੋਂ ਲੰਘ ਕੇ ਚਮੜਾ ਲਿਸ਼ਕਾਂ ਮਾਰਦਾ ਬਾਹਰ ਆ ਜਾਂਦਾ। ਮਸ਼ੀਨਾਂ ਦੇ ਸ਼ੋਰ ਵਿਚ ਮੇਰੇ ਕੰਨ ਬੰਦ ਹੋ ਜਾਂਦੇ। ਫੈਕਟਰੀ 'ਚੋਂ ਬਾਹਰ ਨਿਕਲ ਕੇ ਕੰਨਾਂ ਵਿਚੋਂ ਅਵਾਜ਼ਾਂ ਨਿਕਲਦੀਆਂ ਲੱਗਦੀਆਂ। ਮੇਰੇ ਸਿਰ ਵਿਚ ਤਾਂ ਮਸ਼ੀਨਾਂ ਹੁਣ ਵੀ ਸ਼ੋਰ ਪਾ ਰਹੀਆਂ ਹਨ।

ਮਸ਼ੀਨਾਂ ਦੇ ਸ਼ੋਰ ਵਿਚ ਮੈਨੂੰ ਭਾਪਾ ਦਿਸਣ ਲੱਗ ਪੈਂਦਾ। ਪਹਿਲਾਂ ਧੁੰਦਲਾ ਫੇਰ ਸਪੱਸ਼ਟ... ਉਹ ਸੁੱਕੀਆਂ ਕੁੰਨਾਂ ਤੇ ਕਿੱਕਰਾਂ ਦੇ ਥੱਲੇ ਬੈਠਾ ਹੁੱਕਾ ਪੀ ਰਿਹਾ ਲੱਗਦਾ। ਕਿੱਕਰਾਂ ਦੀ ਡੱਬ-ਖੜੱਬੀ ਛਾਂ ਭਾਪੇ ਦਾ ਚਿਹਰਾ ਬੜਾ ਭਿਆਨਕ ਬਣਾ ਰਹੀ ਹੁੰਦੀ। ਮੇਰੇ ਅੱਗੇ ਸੁੱਕ ਚੁੱਕੀਆਂ ਕੁੰਨਾਂ ਦਾ ਭਿਆਨਕ ਦ੍ਰਿਸ਼ ਬਣਨ ਲੱਗ ਪੈਂਦਾ। ਸੁੱਕ ਰਹੀਆਂ ਤੇ ਪੁੱਟੀਆਂ ਜਾ ਰਹੀਆਂ ਉਹ ਕਿੱਕਰਾਂ ਘੁੰਮਣ ਲੱਗਦੀਆਂ, ਜਿਹੜੀਆਂ ਜਵਾਨੀ ਵੇਲੇ ਭਾਪੇ ਨੇ ਇਸ

ਮਕਸਦ ਲਈ ਲਾਈਆਂ ਸਨ ਕਿ ਇਨ੍ਹਾਂ ਦੇ ਸੱਕਾਂ ਤੋਂ ਰੰਗ ਤਿਆਰ ਕਰ ਕੇ ਚੰਮ ਰੰਗਿਆ ਜਾਇਆ ਕਰੇਗਾ। ਦੂਰ ਰਵਿਦਾਸ ਧਾਮ ਦਿਸਦਾ, ਜਿਹਦਾ ਰੰਗ ਫਿੱਕਾ ਹੋ ਗਿਆ ਲੱਗਦਾ। ਜਿਹੜਾ ਪਹਿਲਾਂ ਰਵਿਦਾਸ ਮੰਦਰ ਹੋਇਆ ਕਰਦਾ ਸੀ, ਫੇਰ ਗੁਰਦਵਾਰਾ ਬਣਾ ਦਿੱਤਾ ਗਿਆ। ਤੇ ਫੇਰ ਧਾਮ ਬਣਾ ਲਿਆ ਗਿਆ। ਉਸ ਦੇ ਮੋਹਰੇ ਵਾਲੀਆਂ ਦੁਕਾਨਾਂ ਦੇ ਬੋਰਡ ਘੁੰਮਣ ਲੱਗਦੇ... ਅਗਰਵਾਲ ਕਰਿਆਨਾ ਸਟੋਰ... ਜਗਦੰਬੇ ਸੈਨਟਰੀ ਸਟੋਰ... ਲੱਕੀ ਆਟੋ ਵਰਕਸ...। ਭਾਪਾ ਹੁਣ ਕਾਫੀ ਬਿਰਧ ਹੋ ਗਿਆ ਹੈ। ਪਿਲਕਣ ਥੱਲੇ ਬੈਠ ਕੇ ਉਹ ਹੁੱਕਾ ਪੀਂਦਾ ਬੋਲਦਾ ਰਹਿੰਦਾ ਹੈ... ਓਏ ਮੂਰਖੋ ਤੁਹਾਨੂੰ ਪਤੈ ਏਥੇ ਯਾਨੀ ਕਿ ਇਸ ਸੜਕ 'ਤੇ ਕਦੇ ਟਿੱਬਾ ਈ ਟਿੱਬਾ ਹੁੰਦਾ ਸੀ... ਨਿਰੀ ਰੇਤਾ... ਕਦੀ ਸੜਕ ਦਾ ਨਾਂ ਨਿਸ਼ਾਨ ਨ੍ਹੀਂ... ਮਰੇ ਡੰਗਰਾਂ ਦੀਆਂ ਰੇਗੜੀਆਂ ਇਥੇ ਰੇਤੇ ਵਿਚ ਫਸ ਜਾਂਦੀਆਂ ਸਨ... ਫੇ ਮੈਂ ਇਹਦੇ ਇਰਦ-ਗਿਰਦ ਕਿੱਕਰਾਂ ਲਾਈਆਂ... ਪਿੱਪਲ ਲਾਏ... ਟਾਹਲੀਆਂ ਲਾਈਆਂ, ਏਕਰਾਂ ਟਿੱਬੇ ਵਿਚ ਬਹਾਰ ਆ ਗਈ। ਪਿੰਡ ਵਸ ਗਿਆ। ਓਏ ਮੂਰਖੋ ਤੁਹਾਨੂੰ ਪਤੈ ਏਸ ਪਿੰਡ ਦਾ ਨਾਂ ਕਿਵੇਂ ਰੱਖ ਹੋਇਆ ਸੀ.... ਤੁਹਾਨੂੰ ਕੀ ਪਤਾ ਹੋਣਾ... ਤੁਸੀਂ ਤਾਂ ਉਦੋਂ ਜੰਮੇ ਵੀ ਨ੍ਹੀਂ ਸੀ... ।" ਭਾਪਾ ਬੋਲਦਾ ਜਾਂਦਾ ਤਾਂ ਉਹਦਾ ਹੱਡੀਆਂ ਤੇ ਢਿਲਕਿਆ ਮਾਸ ਹਿੱਲਣ ਲੱਗ ਪੈਂਦਾ।

ਭਾਪੇ ਦੀ ਚਮੜੀ ਦਾ ਗੇਰੂਆ ਰੰਗ ਮੈਨੂੰ ਧੁਆਂਖਿਆ ਜਿਹਾ ਲੱਗਣ ਲੱਗ ਪੈਂਦਾ, ਜਿਹੜੀ ਕਦੇ ਗੇਰੂਏ ਰੰਗ ਦੀ ਚਮਕ ਰੂਹਾਨੀਅਤ ਨਾਲ ਭਰੀ ਪਈ ਹੁੰਦੀ ਸੀ। ਮੈਨੂੰ ਲੱਗਦਾ ਸੁੱਕੀਆਂ ਕੂੰਨਾਂ ਦੇ ਪੂਰ ਹੋਣ ਨਾਲ ਭਾਪੇ ਦਾ ਪਿੰਡ ਤੇ ਉਹਦੀਆਂ ਗੱਲਾਂ ਵੀ ਕੂੰਨਾਂ ਵਿਚ ਦਫ਼ਨ ਹੋਣ ਲੱਗ ਪਈਆਂ ਹੋਣ। ਲੱਗਦਾ ਜਿਵੇਂ ਕਾਰਖਾਨੇ ਵਿਚ ਵਿਸ਼ਾਲ ਅਕਾਰ ਦਾ ਵੱਡਾ ਪਰਲੂ ਦੇ ਪਹੀਏ ਵਰਗਾ ਗੋਲਾ ਘੁੰਮਦਾ ਹੋਇਆ ਮੈਨੂੰ ਦਰੜਨ ਲੱਗਾ ਹੋਵੇ। ਲੱਗਦਾ ਮਸ਼ੀਨ ਵਿਚੋਂ ਗਿੱਲੇ ਚੰਮ ਦਾ ਪਾਣੀ ਨਾ ਨੁੱਚੜ ਰਿਹਾ ਹੋਵੇ, ਭਾਪੇ ਦਾ ਲਹੂ ਹੋਵੇ... ਮਸ਼ੀਨਾਂ ਕਿਵੇਂ ਭਾਪੇ ਦੇ ਉਪਰ ਨੂੰ ਉੱਠੇ ਚੰਮ ਨੂੰ ਕਟਰ ਨਾਲ ਕੱਟ ਕੇ ਸਮਾਂਨੰਤਰ ਕਰ ਰਹੀਆਂ ਨੇ... ਕਿਵੇਂ ਭਾਪੇ ਨੂੰ ਪ੍ਰੈੱਸ ਕਰਕੇ ਮੁਲਾਇਮ ਕਰੀ ਜਾ ਰਹੀਆਂ ਨੇ। ਕਿਵੇਂ ਭਾਪੇ ਦੇ ਸਰੀਰ ਤੇ ਵੱਖ-ਵੱਖ ਡਿਜ਼ਾਇਨਾਂ ਦੇ ਠੱਪੇ ਲੱਗ ਰਹੇ ਨੇ। ਤਰ੍ਹਾਂ-ਤਰ੍ਹਾਂ ਦੇ ਡਿਜ਼ਾਇਨ ਪੈ ਰਹੇ ਨੇ। ਮੇਰੀਆਂ ਅੱਖਾਂ ਅੱਗੇ ਤਿਆਰ ਹੋ ਰਿਹਾ ਚਮੜਾ ਭਾਪੇ ਦਾ ਅਕਾਰ ਕਿਉਂ ਲੈਣ ਲੱਗ ਪੈਂਦਾ ਹੈ... ਮੈਂ ਸਹਿਮ ਕੇ ਇਕੋ ਥਾਂ ਕਿੰਨਾ ਚਿਰ ਖੜ੍ਹਾ ਰਹਿੰਦਾ ਜਦੋਂ ਕੋਈ ਚਮੜਾ ਢੁੱਕੀ ਮੇਰੇ ਵਿਚ ਲੱਗਦਾ ਤਾਂ ਕਿਤੇ ਜਾ ਕੇ ਮੇਰਾ ਧਿਆਨ ਟੁੱਟਦਾ।

ਵਿਜੇ ਦੇ ਮੋਟਰ ਸਾਇਕਲ ਤੋਂ ਉਤਰ ਕੁੱਝ ਪਲ ਤੁਰਨ 'ਤੇ ਮੇਰਾ ਪੈਰ ਉਖੜ ਜਾਂਦਾ ਹੈ। ਮੈਂ ਸਾਹਮਣੇ ਦੇਖਦਾ ਹਾਂ ਤਾਂ ਮੈਨੂੰ ਮੇਰਾ ਦਸ ਕੁ ਸਾਲਾਂ ਦਾ ਮੁੰਡਾ ਗਿੱਲੇ ਰੇਤਾਂ ਵਿਚ ਕੁਝ ਬਣਾ ਰਿਹਾ ਦਿਸਦਾ ਹੈ। ਉਨ੍ਹਾਂ ਨੂੰ ਦੇਖ ਮੈਂ ਕਹਿੰਦਾ ਹਾਂ, "ਇਹ ਕੀ ਬਣਾ ਰਹੇ ਹੋ?" ਮੁੰਡਾ ਝਟ ਕਹਿੰਦਾ ਹੈ, "ਪਾਪਾ! ਬਾਬੇ ਦੀਆਂ ਕੂੰਨਾਂ ਬਣਾ ਰਿਹਾ।" ਮੈਂ ਇਕ-ਦਮ ਤ੍ਰਭਕਦਾ ਹਾਂ। ਮੈਨੂੰ ਚੇਤੇ ਆਉਂਦਾ ਹੈ ਕਿ ਭਾਪਾ ਅਕਸਰ ਹੀ ਸੁੱਕੀਆਂ ਕੂੰਨਾਂ ਵਾਲੀ ਥਾਂ 'ਤੇ ਬੈਠ ਕੇ ਆਪਣੇ ਪੋਤੇ ਨੂੰ ਚੰਮ ਰੰਗਣ ਅਤੇ ਸੁੱਕੀਆਂ ਕੂੰਨਾਂ ਬਾਰੇ ਦੱਸਦਾ ਹੁੰਦਾ ਸੀ, ਜਦੋਂ ਉਹਦਾ ਪੋਤਾ ਉਹਦੇ ਚੰਮ ਰੰਗਣ ਨਾਲ ਕਾਲੇ ਹੋਏ ਨੌਹਾਂ ਬਾਰੇ ਪੁੱਛਦਾ ਹੁੰਦਾ ਸੀ। ਮੁੰਡੇ ਦੀ ਗੱਲ ਸੁਣ ਕੇ ਮੈਨੂੰ ਇਕ-ਦਮ ਬੀੜੀ ਪੀਣ ਦੀ ਤਲਬ ਲੱਗਦੀ ਹੈ।

"ਓਏ ਮੂਰਖੋ! ਕੋਈ ਚੱਜ ਦੀ ਖੇਡ ਖੇਡਿਆ ਕਰੋ।" ਕਹਿ ਮੈਂ ਜੇਬ ਵਿਚੋਂ ਬੀੜੀਆਂ ਦਾ ਬੰਡਲ ਕੱਢਦਾ ਹਾਂ। ਜਿਸ ਵਿਚ ਇਕ ਹੀ ਟੁੱਟੀ ਹੋਈ ਬੀੜੀ ਨਿਕਲਦੀ ਹੈ। ਮੈਂ ਉਂਗਲਾਂ ਨਾਲ ਉਹਨੂੰ ਮਰੋੜ, ਗਿੱਲੇ ਰੇਤੇ ਨਾਲ ਬਣਾਈਆਂ ਨਿਆਣਿਆਂ ਦੀਆਂ ਕੂੰਨਾਂ 'ਤੇ ਪੈਰ ਮਾਰ, ਉਨ੍ਹਾਂ ਨੂੰ ਕੇ ਢਾਹ, ਅੱਗੇ ਘਰ ਵੱਲ ਵਧ ਜਾਂਦਾ ਹਾਂ। ਇਸ ਦੌਰਾਨ ਮੇਰੇ ਦਿਮਾਗ ਦਾ ਮੇਰੀ ਸਰੀਰ 'ਤੇ ਰਤਾ ਵੀ ਕਾਬੂ ਨਹੀਂ ਰਹਿੰਦਾ। ਅੱਗੇ ਪੱਥਰ ਜਿਹਾ ਬਣਿਆ ਮੇਰਾ ਭਾਪਾ ਮੈਨੂੰ ਘੂਰ ਰਿਹਾ ਲੱਗਦਾ ਹੈ।

○